ਕੈਨੇਡਾ ਦਰਪਣ

ਅਪ੍ਰੈਲ 13, 1984

April 13, 1984

ਸੰਪਾਦਕ: ਦਰਸ਼ਨ ਗਿੱਲ

ਹਫ਼ਤੇਵਾਰ

Second Class Mail - Reg. No. 5991

ਕੀਮਤ 30¢

Out of Greater Vancouver
Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 13 Weekending April 13, 1984

Editor's Res. PHONE. (604)321-6360

The Canada Darpan
Punjabi Weekly Newspaper

ਪੰਜਾਬ ਵਿਚ ਮੁੜ ਕਰਫੀਊ ਲਾਗੂ

ਫਸਾਦੀਆਂ ਨੂੰ ਗੋਲੀ ਦਾ ਹੁਕਮ

ਅੰਮ੍ਰਿਤਸਰ — (ਫੋਨ ਰਾਹੀਂ) ਪੰਜਾਬ ਸਰਕਾਰ ਨੇ ਸਾਰੇ ਸੂਬੇ ਨੂੰ ਖਤਰਨਾਕ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਹੈ। ਬਲਵਾ ਜਾਂ ਦੰਗੇ ਕਰਨ ਵਾਲਿਆਂ ਨੂੰ ਗੋਲੀ ਮਾਰਨ ਦਾ ਹੁਕਮ ਵੀ ਦੇ ਦਿੱਤਾ ਗਿਆ ਹੈ। ਪੁਲਸ ਨੂੰ ਇਹ ਤਾਕਤ ਵੀ ਦੇ ਦਿਤੀ ਗਈ ਹੈ ਕਿ ਉਹ ਪੰਜਾਬ ਵਿਚ 'ਕਿਸੇ ਵੀ ਥਾਂ' ਤੇ ਦਾਖਲ ਹੋ ਸਕਦੀ ਹੈ। ਜਿਥੇ ਦਹਿਸ਼ਤ ਪਸੰਦ ਲੁਕੇ ਹੋਏ ਹੋਣ। ਬਿਨਾਂ ਵਰੰਟਾਂ ਤੋਂ ਗ੍ਰਿਫਤਾਰੀ ਕਰਨ ਦੇ ਹੁਕਮ ਵੀ ਚਾੜ੍ਹ ਦਿਤੇ ਗਏ ਹਨ। ਪਿਛਲੇ ਤਿੰਨਾਂ ਦਿਨਾਂ ਤੋਂ ਘਟਨਾਵਾਂ ਖਤਰਨਾਕ ਰੂਪ ਧਾਰਨ ਕਰ ਗਈਆਂ ਹਨ। ਪੰਜਾਬ ਵਿਚ ਪੰਜਾਂ ਥਾਵਾਂ ਤੇ ਮੁੜ ਕਰਫੀਊ ਲਾ ਦਿਤਾ ਗਿਆ ਹੈ।

ਹਰਬੰਸ ਲਾਲ ਖੰਨਾ, ਵਿਸ਼ਵਾਨਾਥ ਤਿਵਾੜੀ ਅਤੇ ਰਛਪਾਲ ਸਿੰਘ ਬੇਦੀ ਦੇ ਕਤਲਾਂ ਨੂੰ 'ਦਸ਼ਮੇਸ਼ ਰਜਮੈਂਟ' ਨੇ ਆਪਣੇ ਸਿਰ ਲਿਆ ਹੈ ਅਤੇ ਧਮਕੀ ਦਿਤੀ ਹੈ ਕਿ ਜਿਨਾਂ ਚਿਰ ਫੈਡਰੇਸ਼ਨ ਤੋਂ ਪਾਬੰਦੀ ਨਹੀਂ ਚੁਕੀ ਜਾਂਦੀ ਉਨਾ ਚਿਰ ਆਗੂਆਂ ਦੇ ਕਤਲ ਜਾਰੀ ਰਹਿਣਗੇ। ਵਿਸ਼ਵਾਨਾਥ ਤਿਵਾੜੀ ਪੰਜਾਬ ਦੇ ਲੇਖਕ ਸਨ ਤੇ ਪੰਜਾਬ ਦੀ ਪੰਜਾਬੀ ਕੇਂਦਰੀ ਲੇਖਕ ਸਭਾ ਦੇ ਸਰਗਰਮ ਮੈਂਬਰ ਸਨ ਜਿਸਨੇ ਹਿੰਸਾ ਅਤੇ ਦਹਿਸ਼ਤ ਪਸੰਦੀ ਦੀ ਖੁਲ੍ਹ ਕੇ ਨਿਖੇਧੀ ਕੀਤੀ ਸੀ।

ਪਿਛਲੇ ਤਿੰਨਾਂ ਦਿਨਾਂ ਅੰਦਰ ਸੈਂਕੜੇ ਗ੍ਰਿਫਤਾਰੀਆਂ ਹੋਈਆਂ ਹਨ। ਤਾਂਕਿ ਦੋਹਾਂ ਫਿਰਕਿਆਂ ਵਿਚ ਦੰਗਾ ਫਸਾਦ ਰੋਕਿਆ ਜਾ ਸਕੇ।

ਸ਼ਨਿਚਰਵਾਰ ਨੂੰ ਸ੍ਰੀਮਤੀ ਗਾਂਧੀ ਨੇ ਸ਼ਾਂਤੀ ਲਈ ਕੋਸ਼ਿਸ਼ਾਂ ਆਰੰਭੀਆਂ ਸਨ ਤਾਂਕਿ 'ਮਾਡਰੇਟ' ਅਕਾਲੀ ਲੀਡਰਾਂ ਨਾਲ ਗਲਬਾਤ ਆਰੰਭੀ ਜਾਵੇ। ਸ੍ਰੀ ਸੇਠੀ ਨੇ ਪਾਰਲੀਮੈਂਟ ਵਿਚ ਬਿਆਨ ਵੀ ਦਿਤਾ ਸੀ ਕਿ ਸਿੱਖਾਂ ਨੂੰ ਵਿਧਾਨ ਵਿਚ ਤਬਦੀਲੀ ਕਰਕੇ ਵੱਖ ਫਿਰਕਾ ਵੀ ਮੰਨਿਆ ਜਾਵੇਗਾ ਜਿਸਤੇ ਸੰਤ ਲੌਂਗੋਵਾਲ ਨੇ ਵਿਧਾਨ ਦੀ ਧਾਰਾ 25 ਨੂੰ ਜਾਲਣ ਦਾ ਪ੍ਰੋਗਰਾਮ ਮਨਸੂਖ ਕਰ ਦਿੱਤਾ। ਸੋਮਵਾਰ ਨੂੰ ਵਿਰੋਧੀ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਨੇ ਪਾਰਲੀਮੈਂਟ ਦਾ ਬਾਈਕਾਟ ਕੀਤਾ ਕਿ ਸ੍ਰੀਮਤੀ ਗਾਂਧੀ ਦਹਿਸ਼ਤਪਸੰਦਾਂ ਵਿਰੁਧ ਸਖਤ ਕਦਮ ਨਹੀਂ ਪੁੱਟ ਰਹੀ। ਉਹ ਇਹ ਕਹਿੰਦੇ ਪਾਰਲੀਮੈਂਟ ਵਿਚੋਂ ਬਾਹਰ ਨਿਕਲ ਆਏ ਕਿ 'ਕੌਮ ਜਲ ਰਹੀ ਹੈ' ਅਤੇ ਇੰਦਰਾ ਗਾਂਧੀ ਕੁਝ ਨਹੀਂ ਕਰ ਰਹੀ।

ਸ੍ਰੀਮਤੀ ਗਾਂਧੀ ਤੇ ਦਬਾਅ ਵੀ ਪਾਇਆ ਗਿਆ ਕਿ ਉਹ ਬਾਹਰਲੇ ਦੇਸ਼ਾਂ ਦਾ ਦੌਰਾਂ ਮਨਸੂਖ ਕਰੇ ਅਤੇ ਸਖਤੀ ਨਾਲ ਦਹਿਸ਼ਤਪਸੰਦਾਂ ਨਾਲ ਨਿਪਟੇ।

ਸੰਤ ਲੌਂਗੋਵਾਲ ਵਲੋਂ ਪਾਬੰਦੀ ਹਟਾਏ ਜਾਣ ਦੀ ਮੰਗ

ਸੰਤ ਲੌਂਗੋਵਾਲ ਨੇ ਸਿਖ ਸਟੂਡੈਂਟ ਫੈਡਰੇਸ਼ਨ ਤੋਂ ਪਾਬੰਦੀ ਖਤਮ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਿਖਾਂ ਨੂੰ ਵੱਖਰੀ ਕੌਮ ਮੰਨਦੀ ਹੈ ਤਾਂ ਉਹ ਧਾਰਾ ਜਲਾਉਣ ਦਾ ਪ੍ਰੋਗਰਾਮ ਬੰਦ ਕਰ ਸਕਦੇ ਹਨ ਪਰ ਮੋਰਚਾ ਤਦ ਹੀ ਵਾਪਸ ਹੋਵੇਗਾ ਜੇਕਰ ਸਿਖ ਸਟੂਡੈਂਟ ਫੈਡਰੇਸ਼ਨ ਤੋਂ ਪਾਬੰਦੀ ਹਟਾਈ ਜਾਵੇ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਮੰਨਣ ਦਾ ਐਲਾਨ ਕੀਤਾ ਜਾਵੇ।

ਇਸੇ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ, ਬਰਨਾਲਾ ਤੇ ਟੌਹੜਾ ਆਦਿ ਨੂੰ ਰਿਹਾ ਕੀਤਾ ਜਾ ਰਿਹਾ ਹੈ।

ਅੰਦਰ ਪੜ੍ਹੋ :—

ਸੰਤ ਲੌਂਗੋਵਾਲ ਦੇ ਨਾਂ ਸੁਰਜੀਤ ਦਾ ਖਤ

ਰਛਪਾਲ ਸਿੰਘ ਬੇਦੀ ਤੇ ਉਸਦੇ ਤਿੰਨ ਪੁਤਰ ਕਤਲ

ਦਹਿਸ਼ਤਪਸੰਦਾਂ ਵਲੋਂ ਰਛਪਾਲ ਸਿੰਘ ਬੇਦੀ ਦੇ ਘਰ ਉਤੇ ਮਹੱਲਾ ਪਰਾਗਪੁਰਾ ਵਿਚ ਹਮਲਾ ਕੀਤਾ ਗਿਆ। ਰਛਪਾਲ ਸਿੰਘ ਬੇਦੀ ਅਤੇ ਉਸਦੇ ਤਿੰਨ ਪੁੱਤਰ ਕਤਲ ਕਰ ਦਿੱਤੇ ਗਏ। ਇਨ੍ਹਾਂ ਕਤਲਾਂ ਪਿਛੇ ਦਸ਼ਮੇਸ਼ ਰਜਮੈਂਟ ਜਥੇਬੰਦੀ ਨੇ ਆਪਣੇ ਸਿਰ ਇਲਜ਼ਾਮ ਲਿਆ ਹੈ। ਰਛਪਾਲ ਸਿੰਘ ਬੇਦੀ ਅੰਮ੍ਰਿਤਸਰ ਦੇ ਮਿਊਂਸਪਲ ਕਮਿਸ਼ਨਰ ਸਨ ਅਤੇ ਉਹ ਮਾਸਟਰ ਅਕਾਲੀ ਦਲ ਦੇ ਨੇੜੇ ਸਨ। ਰਛਪਾਲ ਸਿੰਘ ਬੇਦੀ ਨਿਹੰਗ ਸੰਤਾ ਸਿੰਘ ਦਲ ਦੇ ਪ੍ਰਾਈਵੇਟ ਸੈਕਟਰੀ ਸਨ। ਪਰ ਉਹ ਇਸ ਦਲ ਨੂੰ ਛੱਡ ਕੇ ਅਕਾਲੀ ਦਲ (ਮਾ: ਤਾਰਾ ਸਿੰਘ) ਵਿਚ ਸ਼ਾਮਲ ਹੋ ਗਏ ਹੋਏ ਸਨ। ਰਛਪਾਲ ਸਿੰਘ ਬੇਦੀ ਦੇ ਤਿੰਨ ਪੁੱਤਰ ਜੋ ਕਤਲ ਕੀਤੇ ਗਏ ਹਨ ਉਨ੍ਹਾਂ ਦੇ ਨਾ ਬਹਾਦਰ ਸਿੰਘ 35 ਸਾਲ, ਅਮਰ ਬਹਾਦਰ ਸਿੰਘ 32 ਸਾਲ ਅਤੇ ਅਮਰੀਤ ਸਿੰਘ 26 ਸਾਲ ਸਨ। ਇਹ ਤਿੰਨੇ ਪੁੱਤਰ ਵਿਆਹੇ ਵਰ੍ਹੇ ਸਨ। ਉਸਦਾ ਚੌਥਾ ਪੁੱਤਰ ਅਨੂਪ ਸਿੰਘ ਜੋ ਘਰੋਂ ਬਾਹਰ ਗਿਆ ਹੋਇਆ ਸੀ, ਉਹ ਬਚ ਗਿਆ ਹੈ।

ਸਾਡੇ ਪੱਤਰ ਪਰੇਰਕ ਅਨੁਸਾਰ ਜਦ ਦਹਿਸ਼ਤਪਸੰਦ ਘਰ ਵਿਚ ਪਿਛਲੀ ਕੰਧ ਟੱਪ ਕੇ ਦਾਖਲ ਹੋਏ ਤਾਂ ਉਨ੍ਹਾਂ ਨੇ ਔਰਤਾਂ ਅਤੇ ਬੱਚਿਆਂ ਨੂੰ ਕਿਹਾ ਕਿ ਉਹ ਪਾਸੇ ਹੋ ਜਾਣ। ਪਹਿਲਾਂ ਤਿੰਨਾਂ ਪੁੱਤਰਾਂ ਨੂੰ ਗੋਲੀਆਂ ਮਾਰੀਆਂ ਗਈਆਂ। ਰਛਪਾਲ ਸਿੰਘ ਬੇਦੀ ਕਮਰੇ ਅੰਦਰ ਟੀ. ਵੀ. ਦੇਖ ਰਿਹਾ ਸੀ। ਉਹ ਗੋਲੀਆਂ ਚਲਣ ਦੀ ਆਵਾਜ਼ ਸੁਣਕੇ ਬਾਹਰ ਨਿਕਲਿਆ ਤਾਂ ਉਸਦੇ ਵੀ ਗੋਲੀ ਮਾਰ ਦਿੱਤੀ ਗਈ।

ਅਗਲਾ ਅੰਕ ਵਿਸ਼ੇਸ਼ ਵਿਸਾਖੀ ਅੰਕ ਹੋਵੇਗਾ



ਪੰਜਾਬੀ ਲੇਖਕ ਵਿਸ਼ਵਾਨਾਥ ਤਿਵਾੜੀ ਕਤਲ



ਤਿਵਾੜੀ ਤੇ ਪੰਜਾਬੀ ਲੇਖਕ ਵਾਰਿਸ ਦੇ ਮਜ਼ਾਰ ਤੇ

ਚੰਡੀਗੜ੍ਹ — (ਫੋਨ ਰਾਹੀਂ) ਵਿਸ਼ਵ ਪੰਜਾਬੀ ਲੇਖਕ ਸੰਮੇਲਨ ਦੇ ਕਨਵੀਨਰ, ਰਾਜ ਸਭਾ ਮੈਂਬਰ ਅਤੇ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਦੇ ਮੁਖੀ ਵਿਸ਼ਵਾਨਾਥ ਤਿਵਾੜੀ ਨੂੰ ਦਹਿਸ਼ਤਪਸੰਦਾਂ ਨੇ ਬੇਰਹਿਮੀ ਨਾਲ ਕਤਲ ਕਰ ਦਿਤਾ।

ਸਾਡੇ ਪੱਤਰ ਪਰੇਰਕ ਅਨੁਸਾਰ 2 ਅਪਰੈਲ ਦੀ ਸ਼ਾਮ ਨੂੰ ਤਿੰਨ ਵਿਅਕਤੀ ਸ੍ਰੀ ਤਿਵਾੜੀ ਦੇ ਘਰ ਗਏ ਅਤੇ ਤਿਵਾੜੀ ਬਾਰੇ ਪੁਛਿਆ। ਤਿਵਾੜੀ ਦੀ ਨੌਕਰਾਣੀ ਨੇ ਕਿਹਾ ਕਿ ਤਿਵਾੜੀ ਸਾਹਿਬ ਘਰ ਨਹੀਂ ਹਨ। 3 ਅਪਰੈਲ ਸਵੇਰੇ ਤਿੰਨ ਦੀ ਥਾਂ ਚਾਰ ਦਹਿਸ਼ਤਪਸੰਦ ਉਨ੍ਹਾਂ ਦੇ ਘਰ ਪਹੁੰਚੇ ਤੇ ਨੌਕਰਾਣੀ ਨੂੰ ਕਿਹਾ ਕਿ 'ਅਸੀਂ ਯੂਨੀਵਰਸਿਟੀ ਦੇ ਵਿਦਿਆਰਥੀ ਹਾਂ। ਅਸੀਂ ਕੱਲ੍ਹ ਵੀ ਆਏ ਸਾਂ। ਅਸੀਂ ਤਿਵਾੜੀ ਸਾਹਿਬ ਨੂੰ ਮਿਲਣਾ ਹੈ।' ਵਿਸ਼ਵਾਨਾਥ ਤਿਵਾੜੀ ਅਜੇ ਤਿਆਰ ਵੀ ਨਹੀਂ ਸਨ ਅਤੇ ਆਪਣੇ ਨਾਈਟ ਸੂਟ ਵਿਚ ਹੀ ਸਨ। ਜਦ ਉਹ ਦਰਵਾਜ਼ੇ ਤੇ ਆਏ ਤਾਂ ਦਹਿਸ਼ਤ ਪਸੰਦਾਂ ਨੇ ਗੋਲੀ ਚਲਾ ਦਿਤੀ।

ਸਾਡੇ ਪੱਤਰ ਪਰੇਰਕ ਅਨੁਸਾਰ 6 ਗੋਲੀਆਂ ਮਾਰੀਆਂ ਗਈਆਂ। ਜਿਨ੍ਹਾਂ ਵਿਚੋਂ ਦੋ ਉਨ੍ਹਾਂ ਦੇ ਢਿੱਡ ਵਿਚ ਵੱਜੀਆਂ ਅਤੇ ਚਾਰ ਲੱਤਾਂ ਵਿਚ। ਦਹਸ਼ਿਤਪਸੰਦ ਜਾਂਦੇ ਜਾਂਦੇ ਉਹਦਾ ਨੌਕਰ ਵੀ ਮਾਰ ਗਏ।

ਤਿਵਾੜੀ ਨੂੰ ਪੀ. ਜੀ. ਆਈ. ਪਹੁੰਚਾਇਆ ਗਿਆ। ਜਿਥੇ ਗੋਲੀਆਂ ਕੱਢਣ ਦੇ ਉਪਰੇਸ਼ਨ ਸਮੇਂ ਉਨ੍ਹਾਂ ਦੀ ਮੌਤ ਹੋ ਗਈ।

(ਬਾਕੀ ਪੰਨਾ 5 ਤੇ)

ਕੈਨੇਡਾ ਦਰਪਣ

ਫ਼ਾਰਮ ਵਰਕਰਾਂ ਦੀ ਸੇਫ਼ਟੀ

ਬਰਨਬੀ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਸਕੱਤਰ ਸ੍ਰੀ ਸਰਵਣ ਬੋਲ ਨੇ ਕਿਹਾ ਹੈ ਕਿ 'ਵਰਕਰਜ਼ ਕੰਪਨਜੇਸ਼ਨ ਬੋਰਡ ਨੇ ਕੋਰਟ ਦੇ ਫੈਸਲੇ ਨੂੰ ਠਿੱਬੀ ਮਾਰ ਕੇ ਬੀ. ਸੀ. ਦੇ ਫਾਰਮ ਵਰਕਰਾਂ ਤੋਂ ਸੇਫਟੀ ਦੇ ਹੱਕ ਖੋਹ ਲਏ ਹਨ।'

ਸ੍ਰੀ ਬੋਲ ਰੂਲ 434/82 ਦੇ ਖਾਤਮੇ ਬਾਰੇ ਜਵਾਬ ਦੇ ਰਹੇ ਸਨ, ਜਿਸ ਨਾਲ ਪਹਿਲਾਂ ਫਾਰਮਾਂ ਉਤੇ ਸੇਫ਼ਟੀ ਅਸੂਲਾਂ ਨੂੰ ਲਾਗੂ ਕੀਤਾ ਗਿਆ ਸੀ। ਵਰਕਰਜ਼ ਕੰਪਨਜੇਸ਼ਨ ਬੋਰਡ ਨੇ ਉਹ ਅਸੂਲ ਵਾਪਸ ਲੈ ਲਿਆ ਹੈ, ਜਦੋਂ ਕਿ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਇਸ ਫੈਸਲੇ ਨੂੰ ਲਾਗੂ ਕਰਾਉਣ ਲਈ ਬੀ. ਸੀ. ਸੁਪਰੀਮ ਕੋਰਟ ਵਿਚ ਚਲੀ ਗਈ ਸੀ।

"ਇਹ ਸਰਕਾਰ ਇਸ ਗਲੋਂ ਡਰਦੀ ਹੈ ਕਿ ਫਾਰਮ ਵਰਕਰਾਂ ਦੀਆਂ ਮੰਗਾਂ ਕਚਹਿਰੀ ਤੱਕ ਨਾ ਪਹੁੰਚਣ। ਏਸੇ ਕਾਰਨ ਫਾਰਮ ਸੇਫਟੀ ਬਾਰੇ ਪਬਲਿਕ ਗਲਬਾਤ ਇਨ੍ਹਾਂ ਨੇ ਜਨਵਰੀ ਵਿਚ ਕੈਂਸਲ ਕਰ ਦਿੱਤੀ। ਇਹ ਸਰਕਾਰ ਨਹੀਂ ਚਾਹੁੰਦੀ ਕਿ ਫਾਰਮ ਵਰਕਰਾਂ ਦੇ ਹੱਕ ਉਨ੍ਹਾਂ ਨੂੰ ਮਿਲਣ। ਇਸ ਸਰਕਾਰ ਦੇ ਫੈਸਲੇ ਰਾਜਨੀਤੀ ਅਨੁਸਾਰ ਹੁੰਦੇ ਹਨ ਅਤੇ ਇਹ ਸਰਕਾਰ ਹਮੇਸ਼ਾਂ ਮਾਲਕਾਂ ਦੇ ਹੱਕਾਂ ਦੀ ਗੱਲ ਕਰਦੀ ਹੈ। ਇਸ ਸਰਕਾਰ ਲਈ ਬੀ. ਸੀ. ਮੈਡੀਕਲ ਐਸੋਸੀਏਸ਼ਨ, ਕਨਜਿਊਮਰ ਐਸੋਸੀਏਸ਼ਨ ਆਫ ਕੈਨੇਡਾ, ਕਾਰੋਨਰ ਜਿਊਰੀ, ਰਾਇਲ ਕਮਿਸ਼ਨ ਆਦਿ ਦੀਆਂ ਸਿਫਾਰਸ਼ਾਂ ਕੋਈ ਮਤਲਬ ਨਹੀਂ ਰੱਖਦੀਆਂ। ਇਸ ਸੱਚ ਤੋਂ ਵੀ ਇਹ ਭੱਜਦੀਆਂ ਹਨ ਕਿ ਅੱਜ ਤੋਂ 62 ਸਾਲ ਪਹਿਲਾਂ ਫਾਰਮ ਵਰਕਰਾਂ ਦੇ ਹੱਕਾਂ ਦੀ ਗੱਲ ਵਰਕਰਜ਼ ਕੰਪਨਜੇਸ਼ਨ ਬੋਰਡ ਦੇ ਕਮਿਸ਼ਨਰ ਨੇ ਕੀਤੀ ਸੀ। ਇਸ ਸਰਕਾਰ ਕੋਲ ਵਹਿਸ਼ੀ ਰਾਜਨੀਤਕ ਤਾਕਤ ਹੈ।"

"ਦੁੱਖ ਦੀ ਗੱਲ ਇਹ ਹੈ ਕਿ ਇਸ ਫੈਸਲੇ ਦੇ ਸਿੱਟੇ ਫਾਰਮ ਵਰਕਰਾਂ ਦੇ ਲਹੂ ਨਾਲ ਲਿਖੇ ਜਾਣਗੇ।" ਸਰਵਣ ਬੋਲ ਨੇ ਕਿਹਾ।

ਸੱਠ ਹਜ਼ਾਰ ਸੰਗਤ ਵਿਚੋਂ ਦੋ ਵਲੰਟੀਅਰ

ਗੁਰਦੁਆਰਿਆਂ ਵਿਚੋਂ ਵਾਧੂ ਖੁਰਾਕ ਪਿਛਲੇ ਦੋ ਮਹੀਨਿਆਂ ਤੋਂ ਗਰੀਬਾਂ ਦਾ ਢਿੱਡ ਭਰਨ ਲਈ ਹਰ ਐਤਵਾਰ ਕਾਰਡੋਬਾ ਸਟਰੀਟ ਤੇ ਜਾਂਦੀ ਹੈ। ਅਖਬਾਰਾਂ ਵਿਚ ਕਾਫੀ ਸੰਗਤਾਂ ਨੂੰ ਬੇਨਤੀ ਕੀਤੀ ਸੀ ਪਰ ਸੇਵਾਦਾਰ ਸਿਰਫ ਦੋ ਅੱਗੇ ਆਏ ਹਨ। ਇਨ੍ਹਾਂ ਵਿਚੋਂ ਇਕ ਹਨ ਦਰਸ਼ਨ ਸਿੰਘ ਢਿੱਲੋਂ ਅਤੇ ਦੂਸਰਾ ਬਲਵਿੰਦਰ ਸਿੰਘ ਸਿੱਧੂ। ਬਹੁਤੀ ਜ਼ਿੰਮੇਂਵਾਰੀ ਮੇਰੇ ਸਿਰ ਹੀ ਰਹੀ ਹੈ। ਕੁਝ ਰੁਝੇਵਿਆਂ ਕਾਰਨ ਪਿਛਲੇ ਤਿੰਨ ਹਫਤਿਆਂ ਤੋਂ ਇਹ ਪਰੋਗਰਾਮ ਚੱਲ ਨਹੀਂ ਰਿਹਾ। ਸਾਡਾ ਖਾਣਾ ਗਰੀਬ ਗੋਰੇ ਲੋਕਾਂ ਨੇ ਬਹੁਤ ਪਸੰਦ ਕੀਤਾ ਹੈ ਖਾਸ ਕਰਕੇ ਸਾਡੀ ਦਾਲ ਸੂਪ ਸਮਝਕੇ ਪੀਂਦੇ ਹਨ ਤੇ ਬਹੁਤ ਹੀ ਖੁਸ਼ੀ ਨਾਲ ਖਾਂਦੇ ਹਨ। ਕਿਉਂਕਿ ਇਸ ਵਿਚ ਬਹੁਤ ਹੀ ਪਰੋਟੀਨ ਹੁੰਦੇ ਹਨ। ਇਹ ਪ੍ਰੋਗਰਾਮ ਸਾਡੀ ਕਮਿਊਨਿਟੀ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗਾ ਇਕ ਤਾਂ ਇਹ ਹੈ ਕਿ ਸਾਡੇ ਧਰਮ ਅਨੁਕੂਲ ਅਸੀਂ ਗਰੀਬਾਂ ਦੀ ਬਹੁਤ ਹੀ ਸਹਾਇਤਾ ਕਰਦੇ ਹਾਂ ਤੇ ਉਨ੍ਹਾਂ ਦਾ ਆਸਰਾ ਬਣਾਂਗੇ ਤੇ ਦੂਸਰੇ ਅਸੀਂ ਸਾਰਿਆਂ ਨੂੰ ਇਕੋ ਜਿਹਾ ਸਮਝਦੇ ਹਾਂ ਤੇ ਭੁਖੇ ਦੇ ਢਿੱਡ ਵਿਚ ਰੋਟੀ ਪਾਉਣੀ ਸਾਡੇ ਧਰਮ ਵਿਚ ਇਕ ਸ਼ੁਭ ਕਰਮ ਗਿਣਿਆ ਜਾਂਦਾ ਹੈ।

ਬਜਾਏ ਇਸਦੇ ਕਿ ਅਸੀਂ ਦਾਲ ਤੇ ਰੋਟੀਆਂ ਗਾਰਬੇਜ਼ ਵਿਚ ਸੁੱਟੀਏ ਕੀ ਇਹ ਪੁੰਨ ਨਹੀਂ ਜੇ ਕਿਸੇ ਭੁਖੇ ਗਰੀਬ ਦੇ ਪੇਟ ਵਿਚ ਇਹ ਖਾਣਾ ਜਾਵੇ। ਇਸਦੇ ਦੋ ਇਲਾਜ ਹਨ :—

1. ਇਕ ਫੂਡ ਕਮੇਟੀ ਕਾਇਮ ਕੀਤੀ ਜਾਵੇ ਤਾਂਕਿ ਇਕ ਬੰਦੇ ਉਪਰ ਇਹ ਭਾਰ ਨਾ ਡਿੱਗੇ। ਕਮੇਟੀ ਰਲਕੇ ਕੰਮ ਕਰੇ। ਓਪਨਹਾਈਮਰ ਪਾਰਕ ਵਿਚ ਅਸੀਂ ਭੁਖਿਆਂ ਨੂੰ ਖੁਲ੍ਹਾ ਭੋਜਨ ਹਰ ਐਤਵਾਰ ਵਰਤਾ ਸਕਦੇ ਹਾਂ।
2. ਜਿਸਦਾ ਭੀ ਗੁਰਦੁਆਰੇ ਅਖੰਡ ਪਾਠ ਹੋਵੇ ਉਸਨੇ ਪਤੀਲੇ ਆਦਿ ਖਾਲੀ ਤਾਂ ਕਰਨੇ ਹੀ ਹੁੰਦੇ ਹਨ। ਕਿਉਂ ਨਹੀਂ ਕਾਰਡੋਬਾ ਸਟਰੀਟ ਤੇ ਖਾਣਾ ਪਹੁੰਚਾ ਦੇਣ। ਭੁਖਿਆਂ ਨੂੰ ਰੋਟੀ ਛਕਾਉਣ ਤੋਂ ਜ਼ਿਆਦਾ ਕੀ ਪੁੰਨ ਹੋ ਸਕਦਾ ਹੈ।

ਇਸ ਨਾਲ ਜੋ ਗੁਰਦੁਆਰੇ ਸੇਵਾ ਕਰਾਉਂਦਾ ਹੈ ਓਹੀ ਪਰਵਾਰ ਹੇਠ ਲਿਖੇ ਪਤੇ ਤੇ ਰੋਟੀ ਪਹੁੰਚਾ ਦੇਵੇ :

ਨੰਬਰ 119 E. Cordova St., Harhom lights, Salvation Army

Or

385 E. Cordova St.
St. Franciscan Sisters

ਹੁਣ ਤੱਕ ਖਾਣਾ ਸਿਰਫ ਸਰੀ ਅਤੇ ਨਿਊਵੈਸਟਮਿਨਸਟਰ ਦੇ ਗੁਰਦੁਆਰਿਆਂ ਤੋਂ ਹੀ ਜਾ ਰਿਹਾ ਹੈ। ਜੇ ਕਿਸੇ ਕੋਲੇ ਹੋਰ ਵਿਚਾਰ ਹੋਵੇ ਤਾਂ ਮਿਹਰਬਾਨੀ ਕਰਕੇ ਮੈਨੂੰ ਫੋਨ ਕਰੋ :—

ਚਰਨਪਾਲ ਗਿੱਲ — 576-2307


ਨੋਟ :— ਦੋ ਸੇਵਾਦਾਰ ਗੈਸ ਦਾ ਖਰਚਾ ਦੇਣ ਲਈ ਤਿਆਰ ਹਨ।

ਸ਼ਤਰੂਘਨ ਸਿਨਹਾ, ਸ਼ਰਮੀਲਾ ਟੈਗੋਰ ਵੈਨਕੂਵਰ ਆ ਰਹੇ ਹਨ

ਵੈਨਕੂਵਰ — ਐਚ. ਡੀ. ਦੱਤਾ ਇੰਟਰਪਰਾਈਜਜ਼ ਵਾਲੇ 20 ਮਈ 1984 ਨੂੰ ਇਕ ਖੂਬਸੂਰਤ ਸ਼ੋਅ ਪੇਸ਼ ਕਰ ਰਹੇ ਹਨ ਜਿਸ ਵਿਚ ਉਘੇ ਫਿਲਮੀ ਸਿਤਾਰੇ ਤੇ ਗਾਇਕ ਆ ਰਹੇ ਹਨ ਸੂਚਨਾ ਅਨੁਸਾਰ ਸ਼ਰਮੀਲਾ ਟੈਗੋਰ, ਸ਼ਤਰੂਘਨ ਸਿਨਹਾ, ਅਰੁਨਾ ਇਰਾਨੀ, ਅਸਰਾਨੀ ਦੇ ਨਾਲ ਗਾਇਕ ਸ਼ੈਲੇਂਦਰ ਸਿੰਘ, ਪ੍ਰੀਤੀ ਸਾਗਰ, ਹਰੀ ਹਰਨ ਅਤੇ ਸੁਸ਼ਮਾ ਸਰੇਸ਼ਫ ਵੀ ਵੈਨਕੂਵਰ ਆ ਰਹੇ ਹਨ।



ਨੀ ਕੰਮ ਸਾਰਾ ਜਹਾਨ ਕਰਦਾ, ਅਖੇ ਮੇਰਾ ਸਰੀਰ ਟੁੱਟ ਜਾਂਦਾ ਕਾਹਤੇ। ਸਰੀਰ ਨਾ ਹੋਇਆ ਕੱਚ ਦੀ ਵੰਗ ਹੋਈ। ਮੇਰੀ ਸੱਸ ਤਾਂ ਇਤਨੀ ਸਖਤ ਸੀ, ਕੋਈ ਘੁਮਿਆਰ ਖੋਤਿਆਂ ਨਾਲ ਵੀ ਇਤਨਾ ਸਖਤ ਨਹੀਂ ਹੁੰਦਾ। ਤੇਰੀ ਤਾਂ ਗਿੱਠ ਜ਼ਬਾਨ ਆ ਮੂਹਰੇ ਬੋਲਣ ਲਈ ਅਖੇ ਮੇਰੇ ਕੋਲੋਂ ਨਹੀਂ ਆ ਕੇ ਘਰ ਦਾ ਕੰਮ ਹੁੰਦਾ। ਵੱਡੀ ਆਈ ਆ ਲਾਜ਼ਵੰਤੀ .....



ਈਸਟ ਇੰਡੀਅਨ ਫਰੇਜ਼ਰ ਵੈਲੀ ਇੰਡੋ-ਕੈਨੇਡਾ ਐਸੋਸੀਏਸ਼ਨ ਸਰੀ-ਡੈਲਟਾ



ਡੈਲਟਾ — ਪਿਛਲੇ ਦਿਨੀਂ ਇਥੇ ਈਸਟ ਇੰਡੀਅਨ ਫਰੇਜ਼ਰ ਵੈਲੀ ਇੰਡੋ ਕੈਨੇਡਾ-ਐਸੋਸੀਏਸ਼ਨ ਦੇ ਮੈਂਬਰਾਂ ਦੀ ਉਨ੍ਹਾਂ ਦੇ ਪ੍ਰਵਾਰਾਂ ਸਮੇਤ ਇਕ ਇਕਤਰਤਾ ਹੋਈ - ਜਿਸ ਦਾ ਮੁਖ ਭਾਵ ਸਾਰੇ ਪ੍ਰਵਾਰਾਂ ਦਾ ਇਕੱਠਿਆਂ ਬੈਠ ਕੇ ਆਪਸੀ ਸਹਿਯੋਗ ਨੂੰ ਵਧਾਉਣਾ ਹੈ। ਚਾਹ, ਕੋਕ, ਮਠਿਆਈ ਤੋਂ ਮਗਰੋਂ ਬਚਿਆਂ ਦੀਆਂ ਨਿਕੀਆਂ ਨਿਕੀਆਂ ਖੇਡਾਂ ਖਾਸ ਦਿਲਚਸਪੀ ਦਾ ਕੇਂਦਰ ਸੀ। ਹਰ ਬੱਚੇ ਨੇ ਖੇਲਾਂ ਵਿਚ ਹਿਸਾ ਵੀ ਲਿਆ ਅਤੇ ਐਸੋਸੀਏਸ਼ਨ ਵਲੋਂ ਇਕ ਪਰੀਤੀ ਭੋਜਨ ਉਪਰੰਤ ਵਦਾਇਗੀ ਹੋਈ।

ਇਸ ਤਰ੍ਹਾਂ ਦੀਆਂ ਮਿਲਣੀਆਂ ਨਾਲ ਨਿਸਚੇ ਹੀ ਆਪਸੀ ਪ੍ਰੇਮ ਅਤੇ ਸਹਿਯੋਗ ਵਧਦਾ ਹੈ।

ਨਵਤੇਜ ਭਾਰਤੀ ਵੈਨਕੂਵਰ ਵਿਚ

ਵੈਨਕੂਵਰ -ਸਨਿਚਰਵਾਰ ਨੂੰ ਨੇਬਰਹੁਡ ਹਾਊਸ ਵਿਚ ਵੈਨਕੂਵਰ ਦੇ ਪੰਜਾਬੀ ਸਾਹਿਤਕਾਰਾਂ ਵਲੋਂ ਪੰਜਾਬੀ ਕਵੀ ਅਤੇ ਅੰਗਰੇਜ਼ੀ ਦੇ ਪ੍ਰਕਾਸ਼ਕ ਸ੍ਰੀ ਨਵਤੇਜ ਭਾਰਤੀ ਦੇ ਮਾਣ ਵਿਚ ਇਕ ਸਮਾਗਮ ਕੀਤਾ ਗਿਆ। ਸਮਾਗਮ ਸਮੇਂ ਸ੍ਰੀਮਤੀ ਸੁਰਜੀਤ ਕਲਸੀ ਨੇ ਸਰੋਤਿਆਂ ਨਾਲ ਨਵਤੇਜ ਭਾਰਤੀ ਦੀ ਜਾਣ ਪਛਾਣ ਕਰਵਾਈ। ਨਵਤੇਜ ਭਾਰਤੀ ਨੇ ਸਾਹਿਤ ਸਬੰਧੀ ਆਪਣੇ ਵਿਚਾਰ ਰੱਖੇ। ਕਵਿਤਾਵਾਂ ਦੇ ਦੌਰ ਵਿਚ ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਚਰਨ ਸਿੰਘ, ਡਾ: ਹਰੀ ਸ਼ਰਮਾ, ਅਜਮੇਰ ਰੋਡੇ, ਮੱਖਣ ਟੁੱਟ ਨੇ ਕਵਿਤਾਵਾਂ ਪੜ੍ਹੀਆਂ।

ਅਗਲੇ ਦਿਨ ਨਵਤੇਜ ਭਾਰਤੀ ਦੇ ਮਾਣ ਵਿਚ ਪਾਲ ਬਿਨਿੰਗ ਵਲੋਂ ਪਾਰਟੀ ਦਿੱਤੀ ਗਈ। ਜਿਥੇ ਰੰਗਾ ਰੰਗ ਪ੍ਰੋਗਰਾਮ ਵੀ ਹੋਇਆ।

ਪੰਜਾਬ ਦਰਪਣ

ਗੁਰੂ ਨਾਨਕ ਦੇਵ ਯੂਨੀ-ਵਰਸਿਟੀ ਵਿਚ ਵੀ ਬੰਬ ਗੋਲੇ ਸੁਟੇ ਗਏ

ਅੰਮ੍ਰਿਤਸਰ — ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਇਮਤਿਹਾਨ ਜੋ 15 ਅਪਰੈਲ ਨੂੰ ਸ਼ੁਰੂ ਹੋਣੇ ਸਨ, ਉਨ੍ਹਾਂ ਨੂੰ ਰੋਕਣ ਦੀ ਖਾਤਰ ਯੂਨੀਵਰਸਿਟੀ ਨੂੰ ਅੱਗ ਲਾਈ ਗਈ। ਗੈਰ ਕਾਨੂੰਨੀ ਕਰਾਰ ਦਿਤੀ ਗਈ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਕੁਝ ਵਿਅਕਤੀਆਂ ਵਲੋਂ ਯੂਨੀਵਰਸਿਟੀ ਦੇ ਇਮਤਿਹਾਨਾਂ ਵਾਲੇ ਵਿੰਗ ਨੂੰ ਅੱਗ ਲਗਾਈ ਗਈ ਜਿਸ ਨਾਲ ਵਿਦਿਆਰਥੀਆਂ ਦੇ ਹੋਣ ਵਾਲੇ ਪੇਪਰ ਸਾੜਨ ਦੀ ਕੋਸ਼ਿਸ਼ ਕੀਤੀ ਗਈ।

ਯੂਨੀਵਰਸਿਟੀ ਦੇ ਅਧਿਕਾਰੀਆਂ ਅਨੁਸਾਰ ਪੇਪਰ ਤਾਂ ਬਚ ਗਏ ਹਨ ਪਰ ਯੂਨੀਵਰਸਿਟੀ ਦਾ ਇਕ ਅਧਿਕਾਰੀ ਲਾਪਤਾ ਹੋ ਗਿਆ ਹੈ। ਅੱਗ ਲਾਉਣ ਨਾਲ ਅੰਦਰ ਪਏ ਗੈਸ ਸੈਲੰਡਰਾਂ ਨੂੰ ਅੱਗ ਵੀ ਲੱਗੀ ਜਿਸ ਕਾਰਨ ਕਾਫੀ ਨੁਕਸਾਨ ਹੋਇਆ।

ਦਰਬਾਰ ਸਾਹਿਬ ਤਰਨ ਤਾਰਨ ਲਾਗੇ ਗੋਲੀ ਚੱਲੀ

ਅੰਮ੍ਰਿਤਸਰ — ਇਥੋਂ 25 ਕਿਲੋ ਮੀਟਰ ਦੂਰ ਤਵਾਰੀਖੀ ਅਸਥਾਨ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਬਾਹਰ ਗੋਲੀ ਚਲਣ ਨਾਲ ਕੁਝ ਵਿਅਕਤੀ ਜ਼ਖਮੀ ਹੋ ਗਏ ਦਸੇ ਜਾਂਦੇ ਹਨ। ਜ਼ਖਮੀਆਂ ਨੂੰ ਦਰਬਾਰ ਸਾਹਿਬ ਦੇ ਇਹਾਤੇ ਵਿਚ ਅੰਦਰ ਲੈ ਜਾਇਆ ਗਿਆ।

ਹਰ ਭਾਰਤੀ ਸਿਰ 283 ਰੁ: ਬਦੇਸ਼ੀ ਕਰਜ਼ਾ

ਨਵੀਂ ਦਿੱਲੀ — ਹਿੰਦ ਸਰਕਾਰ ਨੇ ਜਿੰਨਾ ਬਦੇਸ਼ੀ ਕਰਜ਼ਾ ਚੁਕ ਰਖਿਆ ਹੈ ਉਹ ਦੇਸ਼ ਦੇ ਹਰ ਜੀ ਪਿਛੇ 283 ਰੁਪਏ ਆਉਂਦਾ ਹੈ। 1980 ਪਿਛੋਂ ਹਰ ਜੀ ਪਿਛੇ ਬਣਦੇ ਇਸ ਕਰਜ਼ੇ ਵਿਚ 102 ਰੁਪਏ ਦਾ ਵਾਧਾ ਹੋਇਆ। 1980 ਵਿਚ ਇਹ ਕਰਜ਼ਾ 181 ਰੁਪੈ ਸੀ।

ਇਹ ਗੱਲ ਖਜ਼ਾਨਾ ਮੰਤਰੀ ਨੇ ਰਾਜ ਸਭਾ ਵਿਚ ਦਸੀ। ਉਹਨਾਂ ਕਿਹਾ ਕਿ ਇਹ ਆਖਣਾ ਮੁਸ਼ਕਲ ਹੈ ਕਿ ਬਦੇਸ਼ੀ ਕਰਜ਼ੇ ਤੋਂ ਕਦੋਂ ਕੁ ਤਕ ਮੁਕਤ ਹੋ ਜਾਇਗਾ।

ਰੱਈਆ ਵਿਚ ਛੇ ਔਰਤਾਂ ਤੇ ਬੱਚੇ ਕਤਲ

ਅੰਮ੍ਰਿਤਸਰ — (ਫੋਨ ਰਾਹੀਂ) ਨਿਰੰਕਾਰੀ ਸਤਸੰਗ ਤੇ ਦਹਿਸ਼ਤਪਸੰਦਾਂ ਵਲੋਂ ਦੋ ਹੈਂਡ ਗਰਨੇਡ ਸੁਟੇ ਗਏ ਜਿਸ ਨਾਲ ਛੇ ਔਰਤਾਂ ਤੇ ਬੱਚੇ ਮਾਰੇ ਗਏ ਅਤੇ 30 ਵਿਅਕਤੀ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾਏ ਗਏ। ਦਹਿਸ਼ਤਪਸੰਦ ਫਰਾਰ ਹੋ ਜਾਣ ਦੀ ਖਬਰ ਹੈ।

ਅੰਮ੍ਰਿਤਸਰ ਵਿਚ ਭਾਰਤੀ ਜਨਤਾ ਪਾਰਟੀ ਦਾ ਲੀਡਰ ਕਤਲ

ਭਾਰਤੀ ਜਨਤਾ ਪਾਰਟੀ ਦਾ ਉਘਾ ਆਗੂ ਹਰਬੰਸ ਲਾਲ ਖੰਨਾ ਅਤੇ ਉਸਦਾ ਬਾਡੀ ਗਾਰਡ ਵੀ ਗੋਲੀਆਂ ਨਾਲ ਮਾਰ ਦਿਤੇ ਗਏ। ਹਰਬੰਸ ਲਾਲ ਖੰਨਾ ਦੀ ਕੈਮਿਸਟ ਦੀ ਦੁਕਾਨ ਉਤੇ ਇਕ ਵਿਅਕਤੀ ਜੋ ਦਵਾਈ ਲੈਣ ਆਇਆ ਹੋਇਆ ਸੀ, ਉਹ ਵੀ ਦਹਿਸ਼ਤਪਸੰਦਾਂ ਨੇ ਗੋਲੀਆਂ ਨਾਲ ਛਾਨਣੀ ਕਰ ਦਿਤਾ।

ਹਰਬੰਸ ਲਾਲ ਖੰਨਾ ਦੇ ਦਾਹ ਸਸਕਾਰ ਸਮੇਂ ਵੀਹ ਹਜ਼ਾਰ ਲੋਕਾਂ ਦਾ ਇਕੱਠ ਸੀ। ਕਰਫਿਊ ਲੱਗਾ ਹੋਣ ਕਾਰਨ ਪੁਲੀਸ ਨੇ ਟੀਅਰ ਗੈਸ ਛੱਡੀ। ਪਰ ਜਦ ਭੀੜ ਫੇਰ ਵੀ ਨਾ ਖਿਡੀ ਤਾਂ ਪੁਲੀਸ ਨੇ ਗੋਲੀ ਚਲਾ ਦਿੱਤੀ। ਜਿਸ ਕਾਰਨ 13 ਵਿਅਕਤੀ ਪੁਲਸ ਗੋਲੀਆਂ ਦਾ ਸ਼ਿਕਾਰ ਹੋਏ। ਮਰਨ ਵਾਲਿਆਂ ਵਿਚ ਦੋ ਸਿਪਾਹੀ ਵੀ ਸ਼ਾਮਲ ਹਨ — ਇਕ ਦਾ ਨਾਂ ਅੱਛਰ ਸਿੰਘ ਦੱਸਿਆ ਗਿਆ ਹੈ।

ਧਰਮ ਕੋਟ ਵਿਚ ਪੁਲਸ ਚੌਕੀ ਤੇ ਹਮਲਾ

ਧਰਮ ਕੋਟ (ਮੋਗਾ) ਵਿਚ ਸੀ. ਆਰ. ਪੀ. ਦੇ ਕੈਂਪ ਤੇ ਦਹਿਸ਼ਤਪਸੰਦਾਂ ਨੇ ਬੰਬ ਸੁਟਿਆ। ਸੀ. ਆਰ. ਪੀ. ਦਾ ਇਕ ਸਿਪਾਹੀ ਮਾਰਿਆ ਗਿਆ ਜਿਸਦਾ ਨਾਂ ਨਿੰਮੀ ਚੰਦ ਸੀ ਜੋ ਬਿਹਾਰ ਦਾ ਰਹਿਣ ਵਾਲਾ ਸੀ। ਦੋ ਪੁਲਸ ਦੇ ਆਦਮੀ ਜ਼ਖਮੀ ਹੋਏ ਜਿੰਨ੍ਹਾਂ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ।

ਮੋਗੇ ਵਿਚ ਨਿਰੰਕਾਰੀਆਂ ਤੇ ਹਮਲਾ

ਮੋਗੇ ਦੀ ਮੈਜਿਸਟਕ ਰੋਡ ਤੇ ਨਿਰੰਕਾਰੀ ਹੁਕਮ ਚੰਦ ਦੀ ਦੁਕਾਨ ਤੇ ਹਮਲਾ ਹੋਇਆ। ਹੁਕਮ ਚੰਦ ਮੋਗੇ ਦੇ ਨਿਰੰਕਾਰੀਆਂ ਦੀ ਸੰਸਥਾ ਦਾ ਮੁਖੀ ਦੱਸਿਆ ਗਿਆ ਹੈ। ਉਹ ਅਤੇ ਉਸਦਾ ਪੁੱਤਰ ਸੂਰਜ ਪ੍ਰਕਾਸ਼ ਦੁਕਾਨ ਬੰਦ ਕਰਕੇ ਘਰ ਨੂੰ ਜਾਣ ਲੱਗੇ ਸਨ ਕਿ ਦਹਿਸ਼ਤਪਸੰਦਾਂ ਨੇ ਉਨ੍ਹਾਂ ਤੇ ਹਮਲਾ ਕਰ ਦਿਤਾ। ਪਰ ਹੁਕਮ ਚੰਦ ਤੇ ਸੂਰਜ ਪ੍ਰਕਾਸ਼ ਦੋਵਾਂ ਕੋਲ ਪਿਸਤੌਲ ਸਨ। ਉਨ੍ਹਾਂ ਨੇ ਵੀ ਜਵਾਬੀ ਗੋਲੀਆਂ ਚਲਾਈਆਂ। ਸੂਰਜ ਪ੍ਰਕਾਸ਼ ਤੇ ਹੁਕਮ ਚੰਦ ਦੋਵੇਂ ਜ਼ਖਮੀ ਹੋਣ ਦੀ ਸੂਚਨਾ ਹੈ ਜਦ ਕਿ ਦਹਿਸ਼ਤਪਸੰਦ ਫਰਾਰ ਹੋ ਗਏ। ਸਾਡੇ ਪੱਤਰ ਪਰੇਰਕ ਅਨੁਸਾਰ ਡੇਢ ਸਾਲ ਪਹਿਲਾਂ ਵੀ ਸੂਰਜ ਪ੍ਰਕਾਸ਼ ਤੇ ਹਮਲਾ ਹੋਇਆ ਸੀ।

ਰੇਲ ਦੀ ਪਟੜੀ ਕੱਟੀ ਗਈ

ਥਾਣੇਦਾਰ ਤੇ ਹਮਲਾ

ਚੰਡੀਗੜ੍ਹ — ਪੰਜਾਬ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ ਹਨ। ਪ੍ਰਾਪਤ ਖਬਰਾਂ ਅਨੁਸਾਰ ਇਕ ਥਾਂ ਰੇਲ ਦੀ ਪਟੜੀ ਕੱਟੀ ਹੋਈ ਦੇਖੀ ਗਈ। ਲੁਦਿਹਾਣਾ ਧੂਰੀ ਲਾਈਨ ਤੇ ਹਿੰਮਤਾਣਾ ਰੇਲਵੇ ਸਟੇਸ਼ਨ ਦੇ ਨੇੜੇ ਪੁਲੀਸ ਦੀ ਇਕ ਗਸ਼ਤੀ ਪਾਰਟੀ ਨੇ ਇਹ ਕੱਟੀ ਹੋਈ ਪਟੜੀ ਦੇਖੀ। ਉਸੇ ਸਮੇਂ ਮੌਕੇ ਤੋਂ ਤੋਂ ਦੋ ਵਿਅਕਤੀ ਫਰਾਰ ਹੋ ਗਏ ਜਦੋਂ ਉਨ੍ਹਾਂ ਨੇ ਪੁਲੀਸ ਦੀ ਪਾਰਟੀ ਨੂੰ ਦੇਖਿਆ। ਪਟੜੀ ਦੀ ਮੁਰੰਮਤ ਤਰੰਤ ਕਰ ਦਿਤੀ ਗਈ ਹੈ ਅਤੇ ਰੇਲ ਆਵਾਜਾਈ ਆਮ ਵਾਂਗ ਹੋ ਗਈ ਹੈ।

ਇਕ ਹੋਰ ਖਬਰ ਅਨੁਸਾਰ ਪੁਲੀਸ ਦੇ ਇਕ ਥਾਣੇਦਾਰ ਸ੍ਰੀ ਗੁਰਮੀਤ ਸਿੰਘ ਤੇ ਤਿੰਨ ਹਥਿਆਰਬੰਦ ਵਿਅਕਤੀਆਂ ਨੇ ਘਾਤਕ ਹਮਲਾ ਕੀਤਾ ਅਤੇ ਉਸ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ ਹੈ।

ਅੰਮ੍ਰਿਤਸਰ ਵਿਚ ਬੈਂਕ ਲੁਟਣ ਦੀ ਨਾਕਾਮ ਕੋਸ਼ਿਸ਼


ਚੰਡੀਗੜ੍ਹ— ਇਥੇ ਪੁਜੀਆਂ ਖਬਰਾਂ ਅਨੁਸਾਰ ਅੰਮ੍ਰਿਤਸਰ ਜ਼ਿਲੇ ਵਿਚ ਹਥਿਆਰਬੰਦ ਵਿਅਕਤੀਆਂ ਨੇ ਝਬਾਲ ਪਿੰਡ ਵਿਚ ਸਟੇਟ ਬੈਂਕ ਆਫ ਇੰਡੀਆਂ ਦੀ ਬ੍ਰਾਂਚ ਨੂੰ ਲੁੱਟ ਲੈਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਗੋਲੀ ਚਲਾ ਕੇ ਬੈਂਕ ਦੇ ਚੌਕੀਦਾਰ ਸ੍ਰੀ ਮਲਕੀਤ ਸਿੰਘ ਨੂੰ ਬੁਰੀ ਤਰਾਂ ਜ਼ਖਮੀ ਕਰ ਦਿਤਾ। ਉਸ ਨੂੰ ਹਸਪਤਾਲ ਪੁਚਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਅਤਿਵਾਦੀ ਚੌਕੀਦਾਰ ਦੀ ਰਾਈਫਲ ਲੈ ਕੇ ਫਰਾਰ ਹੋ ਗਏ।

ਦਸੂਏ ਵਿਚ ਇਕ ਵਿਅਕਤੀ ਕੁਝ ਬੀਮਾਰਾਂ ਦੇ ਨਾਲ ਇਕ ਡਾਕਟਰ ਦੇ ਘਰ ਗਿਆ। ਜਦੋਂ ਡਾਕਟਰ ਨੇ ਆਪਣੇ ਪੈਸੇ ਮੰਗੇ ਤਾਂ ਉਸ ਵਿਅਕਤੀ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ ਅਤੇ ਦੌੜ ਜਾਣ ਵਿਚ ਸਫਲ ਹੋ ਗਿਆ।

ਬੱਧਣੀ ਵਿਚ ਗੋਲੀ ਚੱਲੀ

ਮੋਗੇ ਨਜ਼ਦੀਕ ਬੱਧਣੀ ਕਲਾਂ ਮੰਡੀ ਵਿਚ ਚਮਨ ਲਾਲ ਤੇ ਦਹਿਸ਼ਤਪਸੰਦਾਂ ਨੇ ਗੋਲੀ ਚਲਾਈ। ਜ਼ਖਮੀ ਹਾਲਤ ਵਿਚ ਉਸਨੂੰ ਮੋਗੇ ਪਹੁੰਚਾਇਆ ਗਿਆ। ਮੋਗੇ ਦੇ ਡਾਕਟਰ ਨੇ ਹਾਲਤ ਵੇਖ ਕੇ ਉਸਨੂੰ ਲੁਧਿਆਣਾ ਹਸਪਤਾਲ ਭੇਜ ਦਿੱਤਾ। ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ।

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360
All Officeholders of CANADA DARPAN are honorary associates



ਸੰਪਾਦਕੀ

ਪੰਜਾਬ ਦੀ ਇਹ ਹਾਲਤ ਕਿਉਂ?

ਪੰਜਾਬ ਵਿਚ ਦਹਿਸ਼ਤਪਸੰਦ ਕਾਰਵਾਈਆਂ ਜ਼ੋਰਾਂ ਤੇ ਹਨ ਅਤੇ ਹਰ ਰੋਜ਼ ਪੰਜ ਚਾਰ ਵਿਅਕਤੀ ਅਜਾਈਂ ਮਾਰੇ ਜਾ ਰਹੇ ਹਨ। ਜਿਥੇ ਪਹਿਲਾਂ ਇਕੱਲੇ ਇਕ ਫਿਰਕੇ ਤੇ ਹਮਲੇ ਹੋ ਰਹੇ ਸਨ ਉਥੇ ਹੁਣ ਦੋਹਾਂ ਫਿਰਕਿਆਂ ਦੇ ਲੋਕ ਹੀ ਕਤਲ ਹੋ ਰਹੇ ਹਨ, ਸਗੋਂ ਦੋਹਾਂ ਫਿਰਕਿਆਂ ਦੇ ਆਗੂਆਂ ਨੂੰ ਵੀ ਕਤਲ ਕੀਤੇ ਜਾਣਾ ਸ਼ੁਰੂ ਹੋ ਗਿਆ ਹੈ। ਜੇ ਇਕ ਪਾਸੇ ਹਰਬੰਸ ਸਿੰਘ ਮਨਚੰਦਾ ਤੇ ਰਛਪਾਲ ਸਿੰਘ ਬੇਦੀ ਤੇ ਉਸਦੇ ਤਿੰਨ ਕੜੀਆਂ ਵਰਗੇ ਜੁਆਨ ਪੁੱਤਰ ਬੇਰਹਿਮੀ ਨਾਲ ਕਤਲ ਕੀਤੇ ਗਏ ਹਨ, ਉਥੇ ਪੰਜਾਬੀ ਬੋਲੀ ਦਾ ਪੰਜਾਬ ਵਿਚ ਸਭ ਤੋਂ ਵੱਡਾ ਮੁਦੱਈ ਵਿਸ਼ਵਨਾਥ ਤਿਵਾੜੀ ਵੀ ਇਸ ਫਿਰਕੂ ਜਨੂੰਨ ਦੀ ਭੇਟਾ ਹੋ ਗਿਆ ਹੈ। 'ਪ੍ਰੀਤਲੜੀ' ਦੇ ਸੰਪਾਦਕ ਸੁਮੀਤ ਸਿੰਘ ਦੇ ਕਤਲ ਬਾਰੇ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦੇ ਹਿਤੈਸ਼ੀ ਅਜੇ ਲਹੂ ਦੇ ਹੰਝੂ ਰੋ ਰਹੇ ਸਨ ਕਿ ਵਿਸ਼ਵਨਾਥ ਤਿਵਾੜੀ ਦੇ ਕਤਲ ਦੀ ਖਬਰ ਆ ਗਈ ਹੈ। ਰਾਜਨੀਤਕ ਵਿਚਾਰਧਾਰਾ ਕਿਸੇ ਦੀ ਕੋਈ ਵੀ ਹੋਵੇ ਪਰ ਜੋ ਕੰਮ ਡਾ: ਤਿਵਾੜੀ ਨੇ ਪੰਜਾਬੀ ਬੋਲੀ ਲਈ ਕੀਤਾ, ਉਸਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੱਠਵਿਆਂ ਵਿਚ ਉਸਨੇ ਜਸਵੰਤ ਕੰਵਲ, ਸੋਹਨ ਸਿੰਘ ਜੋਸ਼, ਗੁਰਚਰਨ ਸਿੰਘ ਸਹਿਸਰਾ ਆਦਿ ਨਾਲ ਰਲ ਕੇ ਪੰਜਾਬੀ ਕਾਨਫਰੰਸਾਂ ਕੀਤੀਆਂ ਤਾਂਕਿ ਪੰਜਾਬੀ ਸੂਬੇ ਦੇ ਹੱਕ ਵਿਚ ਆਵਾਜ਼ ਉਠਾਈ ਜਾਵੇ। ਪੰਜਾਬੀ ਬੋਲੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਦਾ ਉਹ ਸਭ ਤੋਂ ਵੱਡਾ ਮੁਦੱਈ ਸੀ। ਪੰਜਾਬੀ ਕਾਨਫਰੰਸਾਂ ਵਿਚ ਹਿੰਦੀ ਤੇ ਸੰਸਕ੍ਰਿਤ ਦੇ ਔਖੇ ਲਫਜ਼ਾਂ ਨੂੰ ਪੰਜਾਬੀ ਵਿਚ ਘੁਸੇੜਨ ਦੇ ਯਤਨਾਂ ਦਾ ਉਸਨੇ ਡਟ ਕੇ ਵਿਰੋਧ ਕੀਤਾ।

ਹਰ ਪੰਜਾਬੀ ਨੂੰ ਅਜਿਹੇ ਕੀਤੇ ਕੰਮ ਉਤੇ ਮਾਣ ਹੋਣਾ ਚਾਹੀਦਾ ਹੈ- ਨਾ ਕਿ ਫਿਰਕੂ ਜਨੂੰਨ ਵਿਚ ਅੰਨ੍ਹੇ ਹੋ ਕੇ ਜੋ ਸਾਹਮਣੇ ਆਉਂਦਾ ਹੈ, ਉਸਦਾ ਕਤਲ ਕਰ ਦਿਤਾ ਜਾਵੇ। ਤਿਵਾੜੀ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਸੀ। ਜਸਵੰਤ ਸਿੰਘ ਕੰਵਲ ਦੇ ਇਹ ਸ਼ਬਦ ਕਿ "ਪੰਜਾਬ ਵਿਚ ਤਿਵਾੜੀ ਪੰਜਾਬੀ ਬੋਲੀ ਲਈ ਜ਼ੋਰਦਾਰ ਹੈ, ਸਾਨੂੰ ਉਸ ਨਾਲ ਰਾਜਸੀ ਮਤਭੇਦਾਂ ਦੇ ਬਾਵਜੂਦ ਖੜ੍ਹਨਾ ਪੈਂਦਾ ਹੈ।"

ਪੰਜਾਬੀ ਬੋਲੀ ਦੇ ਮੁਦੱਈ ਦਾ ਇਹ ਕਤਲ ਸਮੁੱਚੀ ਪੰਜਾਬੀ ਕਮਿਊਨਿਟੀ ਵਲੋਂ ਨਿੰਦਿਆ ਜਾਣਾ ਚਾਹੀਦਾ ਹੈ।

ਦਹਿਸ਼ਤਪਸੰਦਾਂ ਦੀ ਗਿਣਤੀ 500 ਹੈ

ਅੰਮ੍ਰਿਤਸਰ — ਨਿਊਯਾਰਕ ਟਾਈਮਜ਼ ਦੇ ਵਿਲੀਅਮ ਸਟੀਵਨਜ਼ ਨੇ ਲਿਖਿਆ ਹੈ ਕਿ ਪੰਜਾਬ ਵਿਚ ਦਹਿਸ਼ਤਪਸੰਦ 500 ਤੋਂ ਵੱਧ ਨਹੀਂ ਹਨ। ਇਨ੍ਹਾਂ ਵਿਚੋਂ ਬਹੁਤੇ ਨੌਜੁਆਨ ਉਮਰ ਦੇ ਹਨ। ਬਹੁਤੇ ਆਮ ਚੋਰ ਉਚੱਕੇ ਇਨ੍ਹਾਂ ਵਿਚ ਰਲ ਗਏ ਹਨ ਜਿਨ੍ਹਾਂ ਨੂੰ ਅਜਿਹੇ ਗੜਬੜੀ ਦੇ ਸਮੇਂ ਮੌਕਾ ਮਿਲ ਗਿਆ ਹੈ। ਕੁਝ ਕੁ ਨੂੰ ਉਸਨੇ 'ਪੁਰਾਣੇ ਮਾਓ-ਵਾਦੀ' ਕਿਹਾ ਹੈ।

ਪੱਤਰਕਾਰ ਅਨੁਸਾਰ ਬੇਸ਼ੱਕ ਇਹ ਗਿਣਤੀ ਕਿੰਨੀ ਵੀ ਥੋੜੀ ਕਿਉਂ ਹੈ ਫਿਰ ਵੀ ਇਸਨੇ ਪੰਜਾਬ ਦੇ ਲੋਕਾਂ ਵਿਚ ਡਰ ਅਤੇ ਸਹਿਮ ਪੈਦਾ ਕਰ ਦਿਤਾ ਹੈ ਅਤੇ ਪੰਜਾਬ ਦੇ ਸੂਬੇ ਵਿਚ ਪਿਛਲੇ ਛੇ ਹਫਤੇ ਤੋਂ ਖਿਚਾਅ ਦੀ ਹਾਲਤ ਪੈਦਾ ਕਰ ਦਿਤੀ ਹੈ। ਬੇਸ਼ੱਕ ਪੰਜਾਬ ਨੂੰ ਮਾਡਲ ਸੂਬਾ ਮੰਨਿਆ ਜਾਂਦਾ ਹੈ ਫਿਰ ਵੀ ਇਹ ਲੋਕ ਇਸ ਸੂਬੇ ਦੀ ਆਰਥਕਤਾ ਨੂੰ ਨਸ਼ਟ ਕਰਨ ਤੇ ਤੁਲੇ ਹੋਏ ਹਨ।

ਆਮ ਤੌਰ ਤੇ ਇਹ ਦਹਿਸ਼ਤਪਸੰਦ ਦੋ ਦੋ ਬੰਦਿਆਂ ਦੇ ਗਰੁਪਾਂ ਵਿਚ ਹਨ ਜੋ ਰਾਤ ਨੂੰ ਮੋਟਰ ਸਾਈਕਲਾਂ ਤੇ ਚਲਦੇ ਹਨ ਅਤੇ ਸਰਕਾਰੀ ਅਧਿਕਾਰੀਆਂ, ਪੁਲਸੀਆਂ, ਐਡੀਟਰਾਂ, ਹਿੰਦੂ ਲੀਡਰਾਂ ਅਤੇ ਆਮ ਸਿੱਖਾਂ ਦੇ ਵੀ ਕਤਲ ਕਰਦੇ ਹਨ। ਇਹ ਕਾਰਵਾਈਆਂ ਕਰਕੇ ਉਹ ਪਿੰਡਾਂ, ਸ਼ਹਿਰਾਂ ਵਿਚ ਛੁਪ ਜਾਂਦੇ ਹਨ ਜਾਂ ਧਾਰਮਿਕ ਅਸਥਾਨਾਂ ਵਿਚ ਜਾ ਪਨਾਹ ਲੈਂਦੇ ਹਨ।

ਸਰਕਾਰ ਸਿੱਖਾਂ ਦੇ ਗੁਰਦੁਆਰਿਆਂ ਵਿਚ ਜਾਣ ਤੋਂ ਕਤਰਾਉਂਦੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਜਜ਼ਬਿਆਂ ਨੂੰ ਠੇਸ ਪੁਜੇਗੀ। ਕੁਝ ਪਿੰਡਾਂ ਵਾਲਿਆਂ ਨੇ ਇਨ੍ਹਾਂ ਦਹਿਸ਼ਤਪਸੰਦਾਂ ਦਾ ਟਾਕਰਾ ਵੀ ਕੀਤਾ ਹੈ। ਕਈ ਪੈਂਡੂਆਂ ਲਈ ਉਹ ਕਹਾਣੀਆਂ ਬਣ ਗਏ ਹਨ। ਉਨ੍ਹਾਂ ਨੂੰ 'ਪਵਿੱਤਰ ਯੋਧੇ' ਕਿਹਾ ਗਿਆ ਹੈ ਜਿਨ੍ਹਾਂ ਨੂੰ ਫੜਿਆ ਹੀ ਨਹੀਂ ਜਾ ਸਕਦਾ।

ਪੱਤਰਕਾਰ ਅਨੁਸਾਰ 1.4 ਕਰੋੜ ਸਿੱਖ ਆਬਾਦੀ ਇਸ ਸੋਚ ਵਿਚ ਹੈ ਕਿ ਉਨ੍ਹਾਂ ਦੇ ਨਾਂ ਨੂੰ ਆਂਚ ਲੱਗ ਰਹੀ ਹੈ।

ਇਸ ਪੱਤਰਕਾਰ ਨੂੰ ਅੰਮ੍ਰਿਤਸਰ ਦੇ ਇਕ ਕੱਪੜਾ ਬਨਾਉਣ ਵਾਲੇ ਭਗਵੰਤ ਸਿੰਘ ਆਹੂਜਾ ਨੇ ਦੱਸਿਆ ਕਿ 'ਸਿੱਖਾਂ ਨੂੰ ਇਸ ਦਾ ਬੜਾ ਦੁੱਖ ਹੈ ਕਿਉਂਕਿ ਵੱਧ ਗਿਣਤੀ ਕਮਿਊਨਿਟੀ ਦੇ ਲੋਕ ਸਾਰੇ ਸਿੱਖਾਂ ਨੂੰ ਹੀ ਅਜਿਹਾ ਸਮਝਦੇ ਹਨ ਜਦ ਕਿ ਇਸ ਹਾਲਾਤ ਨੂੰ ਪੈਦਾ ਕਰਨ ਵਾਲੇ ਮੁੱਠੀ ਭਰ ਲੋਕ ਹਨ।'

ਪੱਤਰਕਾਰ ਨੇ ਲਿਖਿਆ ਹੈ ਕਿ ਬਹੁਤ ਸਿੱਖ ਪਿਛਲੇ ਦੋ ਹਫਤੇ ਦੀਆਂ ਘਟਨਾਵਾਂ ਕਾਰਨ ਸਤੇ ਪਏ ਹਨ ਅਤੇ ਸਰਕਾਰ ਵੀ ਅਜਿਹੇ ਦਹਿਸ਼ਤਪਸੰਦਾਂ ਨੂੰ ਫੜਨ ਲਈ ਤੇਜ਼ ਹੋ ਗਈ ਹੈ। ਪੱਤਰਕਾਰ ਨੇ ਕਿਹਾ ਕਿ ਸਿੱਖ ਫੈਡਰੇਸ਼ਨ ਇਸ ਸਾਰੀ ਦਹਿਸ਼ਤਪਸੰਦੀ ਦੇ ਜੁਮੇਂਵਾਰ ਸਮਝੀ ਜਾਂਦੀ ਹੈ ਤੇ ਇਸਦੇ ਕਾਫੀ ਮੈਂਬਰ ਫੜੇ ਜਾ ਚੁਕੇ ਹਨ।

ਪੱਤਰਕਾਰ ਨੇ ਇਹ ਵੀ ਲਿਖਿਆ ਹੈ ਕਿ ਬੇਸ਼ੱਕ ਸਰਕਾਰ ਕਹਿ ਰਹੀ ਹੈ ਕਿ ਉਹ ਹਾਲਾਤ ਨੂੰ ਸੰਭਾਲ ਰਹੀ ਹੈ ਪਰ ਕਤਲ ਫਿਰ ਵੀ ਜਾਰੀ ਹਨ। ਉਸਨੇ ਲਿਖਿਆ ਹੈ ਕਿ ਫਰਵਰੀ ਦੇ ਅੰਧ ਤੋਂ ਲੈ ਕੇ 100 ਆਦਮੀ ਮਰ ਚੁਕਾ ਹੈ ਜਦ ਕਿ 1982 ਤੋਂ ਮਰਨ ਵਾਲਿਆਂ ਦੀ ਗਿਣਤੀ 300 ਹੋ ਗਈ ਹੈ।

ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਨਾਂ ਸੁਰਜੀਤ ਦਾ ਪੱਤਰ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੋਲਿਟ ਬਿਊਰੋ ਦੇ ਮੈਂਬਰ ਅਤੇ ਐਮ.ਪੀ.ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਲੋਂ 20 ਮਾਰਚ 1984 ਨੂੰਸ਼ਰੋਮਣੀ ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਲਿਖਿਆ ਗਿਆ ਖਤ ਹੇਠਾਂ ਦਿਤਾ ਜਾ ਰਿਹਾ ਹੈ।



ਪਿਆਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ!

ਦੇਸ਼ ਭਰ ਵਿਚ ਜਮਹੂਰੀ ਅਤੇ ਦੇਸ਼ ਭਗਤ ਤਾਕਤਾਂ ਪੰਜਾਬ ਅਤੇ ਹਰਿਆਣੇ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਇਹਨਾਂ ਦੇ ਦੂਸਰੇ ਸੂਬਿਆਂ ਉਤੇ ਪੈਣ ਵਾਲੇ ਸਿਟਿਆਂ ਨੂੰ ਬਹੁਤ ਹੀ ਦੁਖੀ ਮਨ ਨਾਲ ਦੇਖ ਰਹੀਆਂ ਹਨ। ਕੋਈ ਕੁਝ ਵੀ ਦਾਅਵਾ ਕਰੇ ਅਜ ਦੀ ਸਥਿਤੀ ਦਾ ਭਾਰੂ ਪਹਿਲੂ ਇਹ ਹੈ ਕਿ ਫਿਰਕੂ ਪਾੜਾ ਦਿਨੋ ਦਿਨ ਵਧ ਰਿਹਾ ਹੈ ਅਤੇ ਇਸ ਨਾਲ ਸਿਰਫ ਪੰਜਾਬ ਦੇ ਲੋਕਾਂ ਨੂੰ ਹੀ ਢਾਹ ਨਹੀਂ ਲਗ ਰਹੀ ਸਗੋਂ ਸਾਡੇ ਲੱਖਾਂ ਕਰੋੜਾਂ ਲੋਕਾਂ ਦੀਆਂ ਕੁਰਬਾਨੀਆਂ ਰਾਹੀਂ ਸੁਤੰਤਰਤਾ ਲਈ ਸੰਘਰਸ਼ ਦੌਰਾਨ ਪੈਦਾ ਕੀਤੀਆਂ ਗਈਆਂ ਧਰਮ ਨਿਰਪਖਤਾ, ਦੇਸ਼ ਭਗਤੀ ਅਤੇ ਕੌਮ ਪ੍ਰਸਤੀ ਦੀਆਂ ਕਦਰ ਕੀਮਤਾਂ ਨੂੰ ਵੀ ਢਾਹ ਲਗ ਰਹੀ ਹੈ। ਜ਼ਲਿਆਂ ਵਾਲੇ ਬਾਗ ਦੀ ਯਾਦ ਅਜ ਵੀ ਕਰੋੜਾਂ ਲੋਕਾਂ ਦੇ ਮਨਾਂ ਨੂੰ ਉਤਸ਼ਾਹਿਤ ਕਰਦੀ ਹੈ ਜਿਹਨਾਂ ਦੇ ਮਨਾਂ 'ਚ ਦੇਸ਼ ਦੀ ਏਕਤਾ ਤੇ ਸੁਤੰਤਰਤਾ ਲਈ ਡੂੰਘਾ ਪਿਆਰ ਹੈ। ਇਸ ਧਰਤੀ ਤੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਨੇ ਆਪਣਾ ਸਾਂਝਾ ਖੂਨ ਡੋਲਿਆ ਸੀ।

ਜਦੋਂ ਤੁਸੀਂ ਮੰਗਾਂ ਦੇ ਇਕ ਲੰਬੇ ਚਾਰਟਰ ਨੂੰ ਲੈ ਕੇ ਮੋਰਚਾ ਸ਼ੁਰੂ ਕੀਤਾ ਸੀ ਤਾਂ ਮੈਂ ਤੁਹਾਨੂੰ ਇਕ ਖੁੱਲਾ ਖਤ ਲਿਖਿਆ ਸੀ। ਉਸ ਖਤ ਵਿਚ ਮੈਂ ਕਿਹਾ ਸੀ ਕਿ ਤੁਹਾਡੇ ਵਲੋਂ ਉਠਾਈਆਂ ਗਈਆਂ ਕੁਝ ਮੰਗਾਂ ਧਰਮ—ਨਿਰਪਖਤਾ ਅਤੇ ਜਮਹੂਰੀਅਤ ਦੇ ਵਿਚਾਰਾਂ ਦੇ ਉਲਟ ਹਨ ਅਤੇ ਸ਼ਰੋਮਣੀ ਅਕਾਲੀ ਦਲ ਦੀਆਂ ਕੁਝ ਵਧੀਆ ਰਿਵਾਇਤਾਂ ਦੀ ਉਲੰਘਣਾ ਕਰਦੀਆਂ ਹਨ।

ਮੈਨੂੰ ਇਹ ਨੋਟ ਕਰਕੇ ਖੁਸ਼ੀ ਹੋਈ ਕਿ ਸ੍ਰ.ਪ੍ਰਕਾਸ਼ ਸਿੰਘ ਬਾਦਲ ਨੇ ਗ੍ਰਿਫਤਾਰੀ ਦੇਣ ਤੋਂ ਪਹਿਲਾਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕ ਖਤ ਲਿਖਿਆ ਜਿਸ ਵਿਚ ਸਾਰੇ ਪੰਜਾਬੀਆਂ ਨਾਲ ਸੰਬਧਤ ਪ੍ਰਮੁਖ ਮੰਗਾਂ ਸਨ ਤੇ ਜਿਹਨਾਂ 'ਚ ਧਾਰਮਿਕ ਮੰਗਾਂ ਵੀ ਸ਼ਾਮਲ ਸਨ।

ਇਹ ਇਸ ਆਧਾਰ ਉਤੇ ਸੀ ਕਿ ਅਕਾਲੀ ਦਲ ਵਿਰੋਧੀ ਪਾਰਟੀਆਂ ਦੀ ਹਿਮਾਇਤ ਪ੍ਰਾਪਤ ਕਰਨ 'ਚ ਸਫਲ ਰਿਹਾ, ਜਿਹਨਾਂ ਨੇ ਕਿ ਕੇਂਦਰ ਸਰਕਾਰ ਉਤੇ ਜ਼ੋਰ ਦਿਤਾ ਕਿ ਤੁਹਾਡੇ ਨਾਲ ਕੋਈ ਸਮਝੌਤਾ ਕਰੇ। ਇਹ ਵਿਰੋਧੀ ਪਾਰਟੀਆਂ ਦੀ ਪਹਿਲਕਦਮੀ ਉਤੇ ਹੀ ਸੀ ਕਿ ਇਕ ਤਿੰਨ—ਧਿਰੀ ਕਾਨਫਰੰਸ ਜਨਵਰੀ 1984 ਵਿਚ ਸੱਦੀ ਗਈ ਜਿਸ ਵਿਚ ਵਿਰੋਧੀ ਪਾਰਟੀਆਂ ਨੇ ਮਤਭੇਦਾਂ ਨੂੰ ਘਟਾਉਣ 'ਚ ਸਹਾਇਤਾ ਕੀਤੀ। ਅਸਲ ਵਿਚ ਸਿਰਫ ਇਲਾਕਾਈ ਮਸਲਾ ਹੀ ਹਲ ਹੋਣਾ ਬਾਕੀ ਰਹਿ ਗਿਆ ਸੀ। ਮੈਂ ਇਹ ਮੰਨਦਾ ਹਾਂ ਕਿ ਏਥੋਂ ਤਕ ਕਿ ਉਸ ਮਸਲੇ ਤੇ ਵੀ ਅਕਾਲੀ ਦਲ ਦਾ ਰਵੱਈਆ ਯੋਗ ਸੀ। ਪੰਜਾਬ ਸਮਸਿਆ ਦੇ ਹਲ ਲਈ ਵਿਰੋਧੀ ਪਾਰਟੀਆਂ ਨੇ ਠੋਸ ਤਜ਼ਵੀਜ਼ਾਂ ਪੇਸ਼ ਕੀਤੀਆਂ, ਪਰ ਬਦਕਿਸਮਤੀ ਨਾਲ ਸਰਕਾਰ ਨੇ ਇਸ ਦਾ ਕੋਈ ਹੁੰਗਾਰਾ ਨਾ ਭਰਿਆ।

ਇਸ ਸਥਿਤੀ ਵਿਚ ਸਿੱਖ ਅਤਿਵਾਦੀਆਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ, ਘਟ ਗਿਣਤੀ ਫਿਰਕੇ ਨਾਲ ਸੰਬਧਤ ਭੋਲੇ ਭਾਲੇ ਲੋਕਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿਤਾ। ਲੁੱਟ ਖੋਹਾਂ ਅਤੇ ਡਕੈਤੀਆਂ ਸ਼ੁਰੂ ਕਰ ਦਿਤੀਆਂ। ਤੁਸੀਂ ਆਪਣੇ ਆਪ ਨੂੰ ਉਹਨਾਂ ਨਾਲੋਂ ਅਲਗ ਕੀਤਾ ਅਤੇ ਉਹਨਾਂ ਦੀਆਂ ਸਰਗਰਮੀਆਂ ਦੀ ਨਿਖੇਦੀ ਕੀਤੀ। ਪਰ ਮੌਜੂਦਾ ਸਥਿਤੀ ਵਿਚ ਇਹ ਸਭ ਕੁਝ ਕਾਫੀ ਨਹੀਂ ਸੀ ਜਦੋਂ ਕਿ ਅਤਿਵਾਦੀਆਂ ਨੇ ਹਰਮੰਦਰ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਲਈ ਮੁੱਖ ਥਾਂ ਬਣਾ ਲਿਆ ਸੀ।

ਤੁਸੀਂ ਕਈ ਵੇਰ ਹਰਮੰਦਰ ਸਾਹਿਬ 'ਚ ਪੁਲੀਸ ਦਾਖਲੇ ਵਿਰੁਧ ਆਪਣੀ ਆਵਾਜ਼ ਉਠਾਈ ਕਿਉਂਕਿ ਇਸ ਨਾਲ ਸਿੱਖ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਜੇਗੀ। ਪਰ ਕੀ ਇਸਦਾ ਮਤਲਬ ਹੈ ਕਿ ਉਹ ਜਿਹੜੇ ਗੁਰਦੁਆਰਿਆਂ ਦੇ ਮਾਮਲਿਆਂ ਦਾ ਪ੍ਰਬੰਧ ਕਰਦੇ ਹਨ, ਉਹਨਾਂ ਦੀ ਕੋਈ ਜ਼ੁੰਮੇਂਵਾਰੀ ਨਹੀਂ ਹੈ? ਅਤਿਵਾਦੀਆਂ ਨੇ ਹਰਮੰਦਰ ਸਾਹਿਬ 'ਚ ਪ੍ਰੈਸ ਕਾਨਫਰੰਸਾਂ ਕੀਤੀਆਂ ਉਹ ਗੁਰਦੁਆਰੇ ਪਲੇਟਫਾਰਮ ਨੂੰ ਬਦਲਾ ਲੈਣ ਲਈ ਲੋਕਾਂ ਨੂੰ ਉਕਸਾ ਰਹੇ ਹਨ, ਉਹ ਧਾਰਮਿਕ ਥਾਵਾਂ ਦੀ ਬੇਅਦਬੀ ਦਾ ਰੌਲਾ ਪਾਉਣ ਲਗ ਪਏ, ਉਹਨਾਂ ਨੇ ਖਾਲਿਸਤਾਨ ਦੇ ਸੰਵਿਧਾਨ ਦਾ ਐਲਾਨ ਕਰ ਦਿਤਾ ਅਤੇ ਇਸ ਦਾ ਝੰਡਾ ਲਹਿਰਾ ਦਿਤਾ। ਕੀ ਇਹ ਕੌਮ ਵਿਰੋਧੀ ਕਾਰਵਾਈਆਂ ਨਹੀਂ ਹਨ ਅਤੇ ਕਿਸ ਅਸੂਲ ਜਾਂ ਰਸਮਾਂ ਦੇ ਆਧਾਰ ਉਤੇ ਇਹਨਾਂ ਭੰਨ ਤੋੜ ਦੀਆਂ ਸਰਗਰਮੀਆਂ ਦੀ ਆਗਿਆ ਦਿਤੀ ਜਾ ਰਹੀ ਹੈ। ਗੁਰਦੁਆਰਿਆਂ ਦੀ ਪਵਿਤਰਤਾ ਨੂੰ ਕਾਇਮ ਰੱਖਣ ਨਾਲ ਇਹਨਾਂ ਕਾਰਵਾਈਆਂ ਦਾ ਕੀ ਸੰਬਧ ਹੈ। ਸ: ਸਜਣ ਸਿੰਘ ਮੋਗੈਂਡਪੁਰੀ ਜਿਹੜਾ ਕਦੇ ਅਕਾਲ ਤਖਤ ਦਾ ਜਥੇਦਾਰ ਰਿਹਾ ਹੈ, ਨੇ ਇਸ ਮਜ਼ਮੂਨ ਬਾਰੇ ਇਕ ਲੇਖ ਲਿਖਿਆ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਜਰੂਰ ਇਸਨੂੰ ਪੜ੍ਹਿਆ ਹੋਵੇਗਾ। ਪੁਲੀਸ ਨੂੰ ਗੁਰਦੁਆਰਿਆਂ ਅੰਦਰ ਦਾਖਲ ਹੋਣ ਦੀ ਆਗਿਆ ਨਾ ਦੇਣਾ ਪ੍ਰਬੰਧਕ ਕਮੇਟੀ ਦਾ ਫਰਜ਼ ਸਮਝਿਆ ਜਾਂਦਾ ਹੈ। ਦੋਸ਼ੀਆਂ ਨੂੰ ਗੁਰਦੁਆਰਿਆਂ ਨੂੰ ਆਪਣੇ ਅੱਡੇ ਬਨਾਉਣ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ ਜਾਂ ਕਿਸੇ ਫਿਰਕੇ ਵਿਰੁਧ ਨਫਰਤ ਫੈਲਾਉਣ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।

ਸ਼ਾਇਦ ਸਰਕਾਰ ਅਕਾਲੀ ਦਲ ਨੂੰ ਨਖੇੜਨ ਦੀ ਰੁਚੀ ਰਖਦੀ ਸੀ ਅਤੇ ਅਤਿਵਾਦੀਆਂ ਨੂੰ ਨੰਗਾ ਨਹੀਂ ਕਰਨਾ ਚਾਹੁੰਦੀ ਸੀ। ਇਹੀ ਕਾਰਨ ਹੈ ਕਿ ਇਸ ਨੇ ਵਿਰੋਧੀ ਧਿਰ ਦੀ ਸਰਬ ਸੰਮਤੀ ਵਾਲੀ ਮੰਗ ਨੂੰ ਰੱਦ ਕਰ ਦਿਤਾ ਕਿ ਅਤਿਵਾਦੀਆਂ ਦੀ ਸਰਗਰਮੀਆਂ ਬਾਰੇ ਇਕ ਵਾਈਟ ਪੇਪਰ ਜਾਰੀ ਕੀਤਾ ਜਾਵੇ।

ਫਰਵਰੀ 1984 ਦੇ 'ਸੰਤ ਸਿਪਾਹੀ' ਵਿਚ ਛਪੀਆਂ ਮੈਂ ਦੋ ਇੰਟਰਵੀਊ ਪੜੀਆਂ ਹਨ, ਇਕ ਤੁਹਾਡੇ ਵਲੋਂ ਅਤੇ ਦੂਸਰੀ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ। ਤੁਸੀਂ ਭੋਲੇ ਭਾਲੇ ਲੋਕਾਂ ਦੇ ਕਤਲੇਆਮ ਅਤੇ ਹਿੰਸਾ ਦੀ ਦਰੁਸਤ ਹੀ ਨਿਖੇਧੀ ਕੀਤੀ ਹੈ ਅਤੇ ਲਹਿਰ ਦੇ ਗੈਰ-ਹਿੰਸਕ ਖਾਸੇ ਦੇ ਪੱਖ ਵਿਚ ਕਿਹਾ ਹੈ ਜਦੋਂ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਖੁਲੇਆਮ ਵਕਾਲਤ ਕੀਤੀ ਹੈ ਅਤੇ ਵਿਆਖਿਆ ਕੀਤੀ ਹੈ ਕਿ ਸਿੱਖ ਧਰਮ ਦਾ ਮੱਤ ਬਦਲਾ ਲਊਭਾਵਨਾ ਉਤੇ ਅਧਾਰਿਤ ਹੈ।

ਉਸ ਦੀਆਂ ਸਰਗਰਮੀਆਂ ਨੂੰ ਕੌਮ ਵਿਰੋਧੀ ਕਿਉਂ ਨਹੀਂ ਐਲਾਨਿਆ ਜਾ ਸਕਿਆ ਅਤੇ ਉਸਨੂੰ ਇਕ ਸੰਤ ਦਾ ਬੁਰਕਾ ਪਹਿਨਣ ਦੀ ਆਗਿਆ ਕਿਉਂ ਦਿਤੀ ਜਾ ਰਹੀ ਹੈ? ਕੀ ਤੁਸੀਂ ਗੁਰੂ ਗਰੰਥ ਸਾਹਿਬ ਵਿਚੋਂ ਕਿਸੇ ਅਜਿਹੇ ਸ਼ਬਦ ਦਾ ਹਵਾਲਾ ਦੇ ਸਕਦੇ ਹੋ ਜਿਹੜਾ ਕਿ ਕਿਸੇ ਵੀ ਘੱਟ ਗਿਣਤੀ ਫਿਰਕੇ ਵਿਰੁਧ ਨਫਰਤ ਦਾ ਪਰਚਾਰ ਕਰਦਾ ਹੋਵੇ?

ਸਤ ਫਰਵਰੀ ਨੂੰ ਜਦੋਂ ਪਰਧਾਨ ਮੰਤਰੀ ਨੇ ਤਰੈ-ਪੱਖੀ ਗਲ-ਬਾਤ ਲਈ ਵਿਰੋਧੀ ਧਿਰ ਦਾ ਸੁਝਾਅ ਸਵੀਕਾਰ ਕੀਤਾ ਤਾਂ ਸਾਨੂੰ ਹੱਲ ਲੱਭ ਲੈਣ ਦੀ ਆਸ ਸੀ। 14 ਫਰਵਰੀ ਨੂੰ ਜਦੋਂ ਅਸੀਂ ਦੁਬਾਰਾ ਗਲ-ਬਾਤ ਸ਼ੁਰੂ ਕੀਤੀ ਪਰ ਇੰਝ ਜਾਪਦੀ ਹੈ ਕਿ ਅਤਿਵਾਦੀ ਅਤੇ ਸਰਕਾਰ ਆਪਣੀ ਖੇਡ ਵਿਚ ਸਫਲ ਹੋ ਗਏ। 14 ਤੋਂ 21 ਫਰਵਰੀ ਤਕ ਜੋ ਕੁਝ ਹਰਿਆਣੇ ਵਿਚ ਵਾਪਰਿਆ ਉਹ ਸਰਕਾਰ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਵਾਪਰ ਸਕਦਾ ਸੀ। ਇਸ ਨੇ ਹਰੇਕ ਦੇ ਮਨ ਨੂੰ ਠੇਸ ਪਹੁੰਚਾਈ। ਮਾਹੌਲ ਨੂੰ ਹੋਰ ਜ਼ਿਆਦਾ ਜ਼ਹਿਰੀਲਾ ਬਨਾਉਣ ਲਈ ਸਿੱਖ ਅਤਿਵਾਦੀਆਂ ਨੇ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿਤੀਆਂ।

ਇਸ ਪੜਾਅ ਤੇ ਇਸ ਗੱਲ ਦੀ ਤੁਹਾਡੇ ਤੋਂ ਆਸ ਸੀ ਕਿ ਤੁਸੀਂ ਹਿੰਦੂ ਸਿੱਖ ਏਕਤਾ ਲਈ ਕੰਮ ਕਰੋਗੇ। ਇਸ ਨਾਲ ਦੇਸ਼ ਦੇ ਜਮਹੂਰੀਅਤ ਲੋਕਾਂ ਦੇ ਮਨ ਜਿੱਤਣ ਵਿਚ ਮਦਦ ਮਿਲੇਗੀ। ਪਰ ਤੁਸੀਂ ਸੰਵਿਧਾਨ ਦੀ ਧਾਰਾ 25 ਨੂੰ ਸਾੜਨ ਦਾ ਫੈਸਲਾ ਕਰ ਲਿਆ। ਸਿੱਖ ਅਤਿਵਾਦੀਆਂ ਅਤੇ ਕੇਂਦਰ ਸਰਕਾਰ ਦੇ ਹੱਥਾਂ ਵਿਚ ਖੇਡਣ ਲਈ ਇਸ ਤੋਂ ਚੰਗਾ ਹੋਰ ਕੋਈ ਫੈਸਲਾ ਨਹੀਂ ਸੀ। ਤੁਹਾਡੇ ਇਸ ਫੈਸਲੇ ਨਾਲ ਅਸਲ ਮਸਲਿਆਂ ਤੋਂ ਲੋਕਾਂ ਦਾ ਧਿਆਨ ਲਾਂਭੇ ਚਲਾ ਗਿਆ ਅਤੇ ਲੋਕਾਂ ਵਿਚ ਇਹ ਭਾਵਨਾ ਪੈਦਾ ਹੋ ਗਈ ਕਿ ਤੁਹਾਡਾ ਅੰਦੋਲਨ ਹੁਣ ਸਰਕਾਰ ਵਿਰੋਧੀ ਨਹੀਂ ਸਗੋਂ ਹਿੰਦੂ ਵਿਰੋਧੀ ਹੈ। ਤੁਹਾਡੀ ਇਸ ਕਾਰਵਾਈ ਦੀ ਸਿੱਖ ਜੂਰਿਸਟਾਂ ਵਲੋਂ ਨਿਖੇਧੀ ਕੀਤੀ ਗਈ ਅਤੇ ਉਹਨਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਨਿਖੇਧੀ ਕੀਤੀ ਜਿਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨਾਂ ਨ ਤੁਹਾਡੀ ਹੱਕੀ ਮੰਗਾਂ ਦੀ ਹਮਾਇਤ ਕੀਤੀ ਸੀ। ਇਸ ਨਾਲ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਵਿਚ ਅਸੁਰਖਿਅਤਾ ਦੀ ਭਾਵਨਾ ਪੈਦਾ ਹੋ ਗਈ।

ਲਗ ਭਗ 20 ਪ੍ਰਤੀਸ਼ਤ ਸਿੱਖ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵਸਦੇ ਹਨ। ਉਹ ਵਿਉਪਾਰ ਜਾਂ ਖੇਤੀਬਾੜੀ ਵਿਚ ਚੰਗੀ ਤਰਾਂ ਸਥਾਪਿਤ ਹਨ। ਉਹਨਾ ਦੇ ਸਖਤ ਮੇਹਨਤੀ ਹੋਣ ਕਾਰਨ ਅਤੇ ਗੁਣਵਾਨ ਹੋਣ ਕਾਰਨ ਹਰੇਕ ਥਾਂ ਕਦਰ ਕੀਤੀ ਜਾਂਦੀ ਹੈ। ਉਨ੍ਹਾਂ ਵਿਰੁਧ ਕੋਈ ਵਿਤਕਰਾ ਨਹੀਂ। ਪਰ ਹੁਣ ਉਨ੍ਹਾਂ ਦੀ ਸਥਿਤੀ ਦੁਖਦਾਈ ਬਣ ਰਹੀ ਹੈ। ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ, ਕਾਰਨ 25 ਧਾਰਾ ਨੂੰ ਸਾੜਨ ਅਤੇ ਪ੍ਰੈਸ ਦੇ ਪਰਚਾਰ ਕਾਰਨ ਸਿੱਖ ਅਤਿਵਾਦੀਆਂ ਅਤੇ ਉਨ੍ਹਾਂ ਵਿਰੁਧ ਨਫਰਤ ਪੈਦਾ ਹੋ ਰਹੀ ਹੈ ਜਿਹੜੇ ਖਾਲਿਸਤਾਨ ਅਤੇ ਵਖਵਾਦ ਦੀ ਵਿਕਾਲਤ ਕਰਦੇ ਹਨ।

ਅਜਿਹੀ ਸਥਿਤੀ ਵਿਚ 'ਅਜ਼ਾਦ ਪੰਥ ਸਪਤਾਹ' ਮਨਾਉਣ ਲਈ ਤੁਹਾਡੇ ਸੱਦੇ ਨਾਲ ਬਲਦੀ ਤੇ ਤੇਲ ਪਾਉਣ ਵਾਲੀ ਗਲ ਹੋ ਸਕਦੀ ਹੈ। ਆਜ਼ਾਦ ਪੰਥ ਦੇ ਮਤ ਨਾਲ ਸਿਰਫ ਸਿੱਖ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਹੀ ਹਵਾ ਮਿਲੇਗੀ। ਜਿਨਾਂ ਨਾਲੋਂ ਕਿ ਤੁਸੀਂ ਆਪਣੇ ਆਪ ਨੂੰ ਵਖ ਕਰਨ ਦੇ ਯਤਨ ਕਰ ਰਹੇ ਹੋ।

ਤੁਸੀਂ ਸੁਚੇਤ ਹੋ ਕਿ 7 ਮਾਰਚ ਨੂੰ ਵਾਸ਼ਿੰਗਟਨ ਵਿਚ ਕੈਪੀਟਲ ਹਿੱਲ ਵਿਖੇ ਇਕ ਸਵਾਗਤੀ ਸਮਾਰੋਹ ਕੀਤਾ ਗਿਆ ਜਿਸ ਵਿਚ ਅਮਰੀਕਾ, ਕੈਨੇਡਾ, ਅਤੇ ਬਰਤਾਨੀਆ ਤੋਂ ਦੋ ਸੌ ਸਿੱਖਾਂ ਨੇ ਹਿਸਾ ਲਿਆ ਸੀ। ਅਮਰੀਕੀ ਕਾਂਗਰਸ ਦੇ ਛੇ ਮੈਂਬਰ ਵੀ ਇਸ ਸਮਾਰੋਹ ਵਿਚ ਹਾਜ਼ਰ ਹੋਏ। ਇਸ ਨੂੰ ਗੰਗਾ ਸਿੰਘ ਢਿੱਲੋਂ ਨੇ ਜਥੇਬੰਦ ਕੀਤਾ, ਜਿਹੜਾ ਕਿ ਅਮਰੀਕਾ ਦਾ ਸਥਾਈ ਨਾਗਰਿਕ ਹੈ ਅਤੇ ਖਾਲਿਸਤਾਨ ਦੀ ਵਿਕਾਲਤ ਕਰਨ ਵਾਲਾ ਹੈ। ਅਮਰੀਕੀ ਕਾਂਗਰਸ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ ਕਿ ਪੰਜਾਬ 'ਦੂਸਰਾ ਲਿਬਨਾਨ' ਬਣ ਰਿਹਾ ਹੈ।

ਤੁਸੀਂ ਪਹਿਲਾਂ ਹੀ ਉਨਾਂ ਤਾਕਤਾਂ ਵਿਰੁਧ ਤਾੜਨਾ ਕੀਤੀ ਹੈ ਜਿਹੜੀਆਂ ਕਿ ਪਾਕਿਸਤਾਨ ਅਤੇ ਦੂਸਰੀਆਂ ਬਦੇਸ਼ੀ ਤਾਕਤਾਂ ਦੇ ਹਥਾਂ ਵਿਚ ਖੇਡ ਰਹੀਆਂ ਹਨ। ਪਰ ਤੁਹਾਡਾ 25 ਧਾਰਾ ਵਿਰੁਧ ਸੰਘਰਸ਼ ਅਤੇ 'ਅਜ਼ਾਦ ਪੰਥ ਸਪਤਾਹ' ਮਨਾਉਣ ਦਾ ਫੈਸਲਾ ਤੁਹਾਨੂੰ ਸਿਧਾ ਉਹਨਾਂ ਦੇ ਹੱਥਾਂ ਵਿਚ ਲੈ ਜਾਵੇਗਾ।

ਧਾਰਮਿਕ ਮੰਗਾਂ ਨੂੰ ਅਸੂਲੀ ਤੌਰ ਤੇ ਮੰਨ ਲੈਣ ਪਿਛੋਂ ਤੁਹਾਡੀਆਂ ਬਾਕੀ ਦੀਆਂ ਮੰਗਾਂ ਸਾਰੇ ਪੰਜਾਬੀਆਂ ਨਾਲ ਸਬੰਧਤ ਹਨ।

'ਅਜ਼ਾਦ ਪੰਥ' ਦਾ ਨਵਾਂ ਨਾਹਰਾ ਜਿਹੜਾ ਤੁਸੀਂ ਉਠਾਇਆ ਹੈ ਉਹ ਖਾਲਿਸਤਾਨ ਲਈ ਸਿਧਾਂਤਕ ਆਧਾਰ ਕਾਇਮ ਕਰਨ ਲਈ ਨਾਹਰੇ ਤੋਂ ਬਿਨਾਂ ਕੁਝ ਵੀ ਨਹੀਂ ਹੈ। ਭਾਂਵੇਂ ਤੁਸੀਂ ਇਸ ਨੂੰ ਮਹਿਸੂਸ ਕਰੋ ਯਾ ਨਾ ਤੁਹਾਡੀ ਲਹਿਰ ਜਿਹੜੀ ਕਿ ਕੇਂਦਰ ਸਰਕਾਰ ਵਿਰੁਧ ਸੀ, ਉਸਨੂੰ ਹਿੰਦੂ ਵਿਰੋਧੀ ਲਹਿਰ ਵਿਚ ਬਦਲਿਆ ਜਾ ਰਿਹਾ ਹੈ। ਇਥੇ ਮੈਂ ਹਿੰਦੂ ਫਿਰਕਾ-ਪ੍ਰਸਤਾਂ ਦੇ ਰੋਲ ਨੂੰ ਘਟਾਉਣਾ ਨਹੀਂ ਚਾਹੁੰਦਾ ਜਿਹੜੇ ਕਿ ਸਿਰਫ ਪੰਜਾਬੀ ਲੋਕਾਂ ਦੀ ਏਕਤਾ ਨੂੰ ਹੀ ਭੰਗ ਨਹੀਂ ਕਰ ਰਹੇ ਸਗੋਂ ਦੇਸ਼ ਦੇ ਦੂਸਰੇ ਹਿਸਿਆਂ ਵਿਚ ਸਿੱਖਾਂ ਵਿਰੁਧ ਨਫਰਤ ਦੀਆਂ ਭਾਵਨਾਵਾਂ ਵੀ ਪੈਦਾ ਕਰ ਰਹੇ ਹਨ। ਹਰਿਆਣੇ ਵਿਚ ਫਰਵਰੀ ਦੀਆਂ ਘਟਨਾਵਾਂ ਅਜਿਹੇ ਹੀ ਪ੍ਰਚਾਰ ਕਾਰਨ ਵਾਪਰੀਆਂ। ਸਥਿਤੀ ਦੀ ਅਸਲੀਅਤ ਇਹ ਹੈ ਕਿ ਸੁਤੰਤਰਤਾ ਲਈ ਸੰਘਰਸ਼ ਦੌਰਾਨ ਪੈਦਾ ਕੀਤੀਆਂ ਗਈਆਂ ਕਦਰਾਂ ਕੀਮਤਾਂ, ਧਰਮ ਨਿਰਲੇਪ ਦੇਸ਼ ਭਗਤਾਂ ਅਤੇ ਕੌਮ ਪ੍ਰਸਤੀ ਦੀਆਂ ਕਦਰਾਂ ਕੀਮਤਾਂ ਖਤਰੇ ਵਿਚ ਹਨ ਅਤੇ ਇਸ ਨਾਲ ਸਮੁੱਚੇ ਰੂਪ 'ਚ ਦੇਸ਼ ਦੀ ਏਕਤਾ ਨੂੰ ਖਤਰਾ ਪੈਦਾ ਹੁੰਦਾ ਜਾ ਰਿਹਾ ਹੈ।

ਮੈਂ ਪਹਿਲਾਂ ਇਹ ਸਪਸ਼ਟ ਕਰ ਚੁਕਾ ਹਾਂ ਕਿ ਧਾਰਾ 25 ਵਿਰੁਧ ਅੰਦੋਲਨ ਨੇ ਅਕਾਲੀ ਦਲ ਨੂੰ ਵਿਰੋਧੀ ਪਾਰਟੀਆਂ ਨਾਲੋਂ ਨਿਖੇੜ ਦਿਤਾ ਹੈ। ਕੋਈ ਨਹੀਂ ਕਹਿ ਸਕਦਾ ਕਿ ਸੰਵਿਧਾਨ ਨੂੰ ਸੋਧਿਆ ਨਹੀਂ ਜਾ ਸਕਦਾ, ਖੁਦ ਸੰਵਿਧਾਨ ਵਿਚ ਕਿਸੇ ਤਬਦੀਲੀ ਲਈ ਵਿਵਸਥਾਵਾਂ ਕੀਤੀਆਂ ਗਈਆਂ

(ਬਾਕੀ ਪੰਨਾ 15 ਤੇ)

ਪੰਜਾਬ ਦਰਪਣ

ਭਿੰਡਰਾਂਵਾਲੇ ਅਤੇ ਲੌਂਗੋਵਾਲ ਵਿਚਕਾਰ ਤਾਕਤ ਦੀ ਜੰਗ ਦਾ ਨਵਾਂ ਰੰਗ ?

ਅੰਮ੍ਰਿਤਸਰ ਗ ਇਕ ਖਬਰ ਅਨੁਸਾਰ ਪਿਛਲੇ ਦਿਨ ਦਰਬਾਰ ਸਾਹਿਬ ਦੇ ਅੰਦਰਲੇ ਹਲਕੇ ਵਿਚੋਂ ਇਕ ਖਬਰ ਦੀ ਤਸਦੀਕ ਕੀਤੀ ਗਈ ਹੈ। ਇਹ ਤਸਦੀਕ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰਾਂ ਨੇ ਵੀ ਕੀਤੀ। ਪਤਾ ਲੱਗਾ ਹੈ ਕਿ ਇਸ ਸੰਬੰਧ ਵਿਚ ਦੋ ਬੰਦਿਆਂ ਨੂੰ ਕਾਬੂ ਕਰਕੇ ਦਲ ਦੇ ਆਗੂਆਂ ਵਲੋਂ ਸੰਤ ਭਿੰਡਰਾਂਵਾਲੇ ਸਾਹਮਣੇ ਪੇਸ਼ ਕਰ ਦਿਤਾ ਗਿਆ ਹੈ। ਏਸੇ ਸਮੇਂ ਕੁਝ ਰਿਟਾਇਰ ਫੌਜੀ ਜਿਹੜੇ ਸੰਤ ਭਿੰਡਰਾਂ ਦੇ ਸਲਾਹਕਾਰ ਦਸੀਦੇ ਹਨ, ਮੌਕੇ ਤੇ ਮੌਜੂਦ ਸਨ। ਖਬਰ ਲਿਖਣ ਤੱਕ ਇਹ ਦੋਵੇਂ 'ਦੋਸ਼ੀ' ਦਰਬਾਰ ਸਾਹਿਬ ਦੇ ਅੰਦਰ ਹੀ ਮੌਜੂਦ ਸਨ। ਜਿਨ੍ਹਾਂ ਨੂੰ ਦਲ ਵਲੋਂ ਪੁਲਸ ਹਵਾਲੇ ਕਰਨ ਦੇ ਯਤਨ ਜਾਰੀ ਹਨ।

ਦਲ ਦੇ ਹਲਕਿਆਂ ਮੁਤਾਬਕ ਸੰਤ ਭਿੰਡਰਾਂਵਾਲਾ ਦੇ ਸਹਿਯੋਗੀਆਂ ਨੇ ਇਹਨਾਂ ਦੋਵਾਂ ਵਿਅਕਤੀਆਂ ਨੂੰ ਕੁਟਮਾਰ ਕਰਨ ਲਈ ਉਕਸਾਇਆ ਤੇ ਮੁੜ ਦਸ ਹਜ਼ਾਰ ਰੁਪਿਆ ਅਤੇ ਅਸਲਾ ਦੇਕੇ ਤੋਰ ਦਿਤਾ ਕਿ ਉਹ ਲੋਕਾਂ ਵਿਚ ਪ੍ਰਚਾਰਨ ਕਿ ਸੰਤ ਲੌਂਗੋਵਾਲ ਨੇ ਉਹਨਾਂ ਨੂੰ ਕਿਹਾ ਹੈ ਕਿ ਭਿੰਡਰਾਂ ਵਾਲੇ ਨੂੰ ਮਾਰ ਦਿਉ। ਮਗਰ ਦੱਸਿਆ ਜਾਂਦਾ ਹੈ ਕਿ ਉਹ ਆਪਣੇ ਲੱਛਣਾਂ ਤੋਂ ਤੁਰਤ ਹੀ ਕਾਬੂ ਕਰ ਲਏ ਗਏ। ਬਾਦ ਵਿਚ ਇਹਨਾਂ ਨੂੰ ਸੰਤ ਲੌਂਗੋਵਾਲ ਦੇ ਹਮਾਇਤੀਆਂ ਨੇ ਪ੍ਰਧਾਨ ਅਕਾਲੀ ਤੇ ਮੋਰਚਾ ਡਿਕਟੇਟਰ ਮੂਹਰੇ ਪੇਸ਼ ਕਰ ਦਿਤਾ। ਪਤਾ ਲੱਗਾ ਹੈ ਕਿ ਉਹਨਾਂ ਨੇ ਸੰਤ ਲੌਂਗੋਵਾਲ ਸਾਹਮਣੇ ਸਾਰਾ ਭੇਤ ਖੋਲ ਦਿਤਾ।

ਕਿਹਾ ਜਾਂਦਾ ਹੈ ਕਿ ਬਾਦ ਵਿਚ ਸੰਤ ਲੌਂਗੋਵਾਲ ਨੇ ਆਪਣੇ ਸੇਵਾਦਾਰਾਂ ਨੂੰ ਘਲਾ ਕੇ ਇਹਨਾਂ ਦੋਹਾਂ ਨੂੰ ਸੰਤ ਭਿੰਡਰਾਂ ਕੋਲ ਭੇਜ ਦਿਤਾ ਦਸਿਆ ਜਾਂਦਾ ਹੈ ਕਿ ਉਥੇ ਲੰਗਰ ਦੀ ਇਮਾਰਤ ਤੇ ਫੈਡਰੇਸ਼ਨੀਆਂ ਨੇ ਉਹਨਾਂ ਦੀ ਖੂਬ ਪਿਟਾਈ ਕੀਤੀ। ਜਿਸਤੇ ਉਹ ਡਰਦੇ ਮੁਕਰ ਗਏ।

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਹਨਾਂ ਨੂੰ ਤੁਰਤ ਦਲ ਹਵਾਲੇ ਕਰਨ ਦੀ ਬੇਨਤੀ ਕੀਤੀ। ਪਤਾ ਲੱਗਾ ਹੈ ਕਿ ਇਹ ਦੋਵੇਂ ਬੰਦੇ ਅਜੇ ਤੱਕ ਸੰਤ ਭਿੰਡਰਾਂ ਦੇ ਹਮਾਇਤੀਆਂ ਦੇ ਕਬਜ਼ੇ ਵਿਚ ਹੀ ਹਨ। ਜਦੋਂ ਕਿ ਕਮੇਟੀ ਦੇ ਅਧਿਕਾਰੀ ਉਹਨਾਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸਿਰ ਤੋੜ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਹਨਾਂ ਪਾਸੋਂ ਅਸਲੀਅਤ ਦਾ ਪਤਾ ਲਾਇਆ ਜਾ ਸਕੇ ਬਾਦ ਦੀ ਇਤਲਾਹ ਹੈ ਕਿ ਸੰਤ ਭਿੰਡਰਾਂ ਦੇ ਬੰਦਿਆਂ ਨੇ ਇਹਨਾਂ ਦੋਸ਼ੀਆਂ ਨੂੰ ਹਾਲੇ ਤਕ ਕਮੇਟੀ ਦੇ ਅਧਿਕਾਰੀਆਂ ਦੇ ਹਵਾਲੇ ਕਰਨ ਦਾ ਫੈਸਲਾ ਨਹੀਂ ਕੀਤਾ। ਇਸ ਘਟਨਾ ਨਾਲ ਦਰਬਾਰ ਸਾਹਿਬ ਦੇ ਅੰਦਰ ਦਲ ਦੀਆਂ ਸਫਾਂ ਵਿਚ ਬੜੀ ਖਲਬਲੀ ਪਾਈ ਜਾਂਦੀ ਹੈ।

ਘੁਣ ਨਸ਼ਿਆਂ ਦਾ ਲੱਗਾ ....

ਲੁਧਿਆਣਾ — ਪੰਜਾਬ ਦੇ 80 ਫੀਸਦੀ ਲੋਕ ਇਸ ਸਮੇਂ ਬਕਾਇਦਾ ਨਸ਼ੇ ਦੀ ਵਰਤੋਂ ਕਰ ਰਹੇ ਹਨ, ਜਿਹਨਾਂ ਵਿਚੋਂ 50 ਫੀਸਦੀ ਸ਼ਰਾਬ ਤੇ 30 ਫੀਸਦੀ ਵਿਅਕਤੀ ਹੋਰ ਨਸ਼ੀਲੀਆਂ ਚੀਜ਼ਾਂ ਚਰਸ, ਗਾਜਾ, ਅਫੀਮ, ਸੁਲਫਾ ਤੇ ਸਿਗਰਟ ਆਦਿ ਦੀ ਵਰਤੋਂ ਕਰਦੇ ਹਨ।

ਇਹ ਇੰਕਸ਼ਾਫ ਹਾਲ ਹੀ ਵਿਚ ਡਾਕਟਰਾਂ ਦੀ ਇਕ ਟੀਮ ਵਲੋਂ ਕੀਤੇ ਗਏ ਸਰਵੇਖਣ ਦੌਰਾਨ ਹੋਇਆ ਹੈ। ਸਰਵੇਖਣ ਅਨੁਸਾਰ 50 ਫੀਸਦੀ ਨੌਜਵਾਨ ਅਜਿਹੇ ਹਨ, ਜੋ ਵੱਖ ਵੱਖ ਸਮਾਗਮਾਂ ਅਤੇ ਖਾਸ ਮੌਕਿਆਂ ਉਪਰ ਖੁਦ ਅਤੇ ਆਪਣੇ ਖਾਸ ਮਹਿਮਾਨਾਂ ਦੋਸਤਾਂ ਨੂੰ ਸ਼ਰਾਬ ਪੇਸ਼ ਕਰਦੇ ਹਨ ਅਤੇ ਇਸ ਦੀ ਜ਼ਿਆਦਾਤਰ ਵਰਤੋਂ ਵਿਦਿਅਕ ਸੰਸਥਾਵਾਂ ਵਿਚ ਕੀਤੀ ਜਾਂਦੀ ਹੈ। ਜਿਥੋਂ ਤੱਕ ਅਫੀਮ ਸਬੰਧ ਹੈ ਇਸ ਦੀ ਜ਼ਿਆਦਾਤਰ ਵਰਤੋਂ ਖੇਤ ਮਜ਼ਦੂਰਾਂ ਵਿਚ ਕੀਤੀ ਜਾਂਦੀ ਹੈ। ਸ਼ਰਾਬ ਵੱਡੇ ਘਰਾਂ ਅਤੇ ਸਨਅਤੀ ਮਜ਼ਦੂਰਾਂ ਵਿਚ ਪਸੰਦ ਕੀਤੀ ਜਾਂਦੀ ਹੈ। ਪਰ ਇਸ ਦੀ ਕੁਆਲਿਟੀ ਵਿਚ ਉਹਨਾਂ ਦੇ ਜੀਵਨ ਪੱਧਰ ਮੁਤਾਬਿਕ ਫਰਕ ਹੁੰਦਾ ਹੈ। ਕਾਮਪੋਜ, ਜਿਹੜੀ ਕਿ ਕਿਸੇ ਸਮੇਂ ਦਵਾਈ ਦੇ ਰੂਪ ਵਿਚ ਵਰਤੀ ਜਾਂਦੀ ਸੀ, ਨੂੰ ਹੁਣ ਨੌਜਵਾਨਾਂ ਵਲੋਂ ਨਸ਼ੇ ਦੇ ਰੂਪ ਵਿਚ ਵਰਤਿਆ ਜਾ ਰਿਹਾ ਹੈ, ਜਿਸ ਨਾਲ ਦਿਮਾਗੀ ਤੇ ਅੱਖਾਂ ਸੰਬੰਧੀ ਬੀਮਾਰੀਆਂ ਵਧਣ ਦਾ ਡਰ ਹੈ।

ਦੋ ਹਜ਼ਾਰ ਸਾਬਕਾ ਫੌਜੀਆਂ ਵਲੋਂ ਅਮਨ ਰੈਲੀ

ਬਠਿੰਡਾ — ਦੋ ਹਜ਼ਾਰ ਤੋਂ ਵੱਧ ਸਾਬਕਾ ਫੌਜੀਆਂ ਨੇ ਬਠਿੰਡਾ ਵਿਚ ਰੈਲੀ ਕੀਤੀ ਤੇ ਪ੍ਰਣ ਲਿਆ ਕਿ ਉਹ ਫਿਰਕੂ ਏਕਤਾ ਤੇ ਸਦਭਾਵਨਾ ਲਈ ਕੁਰਬਾਨੀਆਂ ਕਰਨ ਲਈ ਤਿਆਰ ਹਨ। ਰੈਲੀ ਵਿਚ ਸੀਨੀਅਰ ਸਾਬਕਾ ਫੌਜੀ, ਜਿਨ੍ਹਾਂ ਵਿਚ ਬਰਗੇਡੀਅਰ, ਕਰਨਲ ਅਤੇ ਹੋਰ ਅਹੁਦਿਆਂ ਦੇ ਅਫਸਰ ਵੀ ਸ਼ਾਮਲ ਸਨ। ਇਸ ਪਿਛੋਂ ਸਾਬਕਾ ਫੌਜੀਆਂ ਨੇ ਸਾਰੇ ਸ਼ਹਿਰ ਵਿਚ ਅਮਨ ਮਾਰਚ ਕੀਤਾ।

ਜ਼ਿਲਾ ਸੈਨਿਕ ਬੋਰਡ ਦੇ ਪ੍ਰਧਾਨ ਸ੍ਰੀ ਏ. ਕੇ. ਮਿਸ਼ਰਾ ਨੇ ਕਿਹਾ ਕਿ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਅਮਨ ਕਮੇਟੀਆਂ ਦੀ ਸਥਾਪਤੀ ਕਰ ਦਿੱਤੀ ਗਈ ਹੈ। ਪੁਲਸ ਮੁਖੀ ਡੀ. ਐਸ. ਮੋਹੀ ਨੇ ਕਿਹਾ ਕਿ ਸਾਬਕਾ ਫੌਜੀਆਂ ਦੇ ਪ੍ਰਵਾਰਾਂ ਵਿਚੋਂ ਪੁਲਸ ਭਰਤੀ ਵਿਚ 15 ਪ੍ਰਤੀਸ਼ਤ ਦਾ ਕੋਟਾ ਰੀਜ਼ਰਵ ਕਰ ਦਿਤਾ ਗਿਆ ਹੈ।

– 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ

— ਅੰਮ੍ਰਿਤਸਰ ਵਿਚ ਇਕ ਟੀਚਰ ਨੂੰ ਗੋਲੀ ਮਾਰ ਦਿੱਤੀ ਗਈ
— ਫੀਰੋਜ਼ਪੁਰ ਕਾਲਜ ਦੇ ਪ੍ਰਿੰਸੀਪਲ ਕਤਲ ਕਰ ਦਿੱਤੇ ਗਏ।
— ਕਾਦੀਆਂ ਵਿਚ ਭਾਰਤ ਭੂਸ਼ਨ ਨਾਂ ਦਾ ਇਕ ਵਿਅਕਤੀ ਕਤਲ ਕਰ ਦਿੱਤਾ ਗਿਆ।

ਸ੍ਰੀ ਗੁਰੂ ਸਿੰਘ ਸਭਾ ਸੁਸਾਇਟੀ ਐਡਮਿੰਟਨ ਦੀ ਨਵੀਂ ਕਮੇਟੀ

ਸ੍ਰੀ ਗੁਰੂ ਸਿੰਘ ਸਭਾ ਸੁਸਾਇਟੀ ਐਡਮਿੰਟਨ ਦੀ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ। ਜੋ ਹੇਠ ਲਿਖੇ ਪ੍ਰਕਾਰ ਹੈ।

ਸੰਤੋਖ ਸਿੰਘ ਸੱਗੂ — ਪ੍ਰਧਾਨ
ਅਮਰਜੀਤ ਸਿੰਘ ਸਰਾਏ — ਮੀਤ ਪ੍ਰਧਾਨ
ਪੁਰ ਕਰਣ ਵਾਲੀ ਥਾਂ — ਸੈਕਟਰੀ
ਦਲਜੀਤ ਸਿੰਘ ਔਲਗ — ਜਨਰਲ ਸੈਕਟਰੀ
ਸੁਰਿੰਦਰ ਸਿੰਘ ਜੌਹਲ — ਖਜ਼ਾਨਚੀ
ਭੂਪਿੰਦਰ ਸਿੰਘ ਗਰੇਵਾਲ — ਮੈਂਬਰ
ਸਰਦੂਲ ਸਿੰਘ ਤੱਖੜ — ਮੈਂਬਰ

ਮੁਖ ਸੇਵਾਦਾਰ
ਸ੍ਰੀ ਗੁਰੂ ਸਿੰਘ ਸਭਾ ਸੁਸਾਇਟੀ ਐਡਮਿੰਟਨ ਅਲਬਰਟਾ

(ਪੰਨਾ 1 ਦੀ ਬਾਕੀ)

ਯਾਦ ਰਹੇ ਕਿ ਵਿਸ਼ਵਾਨਾਥ ਤਿਵਾੜੀ ਪੰਜਾਬੀ ਦੇ ਲੇਖਕ ਸਨ। ਉਨ੍ਹਾਂ ਨੂੰ ਤਿੰਨ ਸਾਲ ਪਹਿਲਾਂ ਸਾਹਿਤ ਅਕਾਦਮੀ ਦਿੱਲੀ ਵਲੋਂ ਪੁਰਸਕਾਰ ਵੀ ਪ੍ਰਾਪਤ ਹੋਇਆ ਸੀ। ਵਿਸ਼ਵਾਨਾਥ ਤਿਵਾੜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਵੀ ਸਨ।

ਸ੍ਰੀ ਤਿਵਾੜੀ ਆਪਣੇ ਪਿੱਛੇ ਦੋ ਲੜਕੇ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਸਿਖ ਪਰਵਾਰ ਨਾਲ ਸਬੰਧ ਰੱਖਦੀ ਹੈ ਅਤੇ ਉਹ ਪੈਪਸ ਦੇ ... ਤੀਰਥ ਸਿੰਘ ਦੇ ...

ਸੂਚਨਾ

ਬੀ. ਸੀ. ਓ. ਐਫ. ਆਰ. ਨਸਲਵਾਦ ਵਿਰੁਧ ਲੜਨ ਵਾਲੀ ਸੰਘਰਸ਼ ਸੰਮਤੀ ਵਲੋਂ ਵਿਲੀਅਮਜ਼ ਲੇਕ ਅਪਰੈਲ 8 ਅਤੇ ਕੁਨੈਲ ਵਿਚ ਅਪਰੈਲ 7 ਨੂੰ ਇਕ ਭਾਰੀ ਸਭਿਆਚਾਰਕ ਪ੍ਰੋਗਰਾਮ :
ਵੈਨਕੂਵਰ ਸੱਥ ਵਲੋਂ ਡਰਾਮੇ :—
ਮੱਖਣ ਟੁੱਟ ਦਾ ਲਿਖਿਆ ਪੰਜਾਬ ਦੀ ਆਵਾਜ਼
ਤੇ ਗੁਰਸ਼ਰਨ ਸਿੰਘ ਦਾ ਲਿਖਿਆ ਇਕ ਮੋਰਚਾ ਇਕ ਕੁਰਸੀ ਅਤੇ ਹਵਾ ਵਿਚ ਲਟਕਦੇ ਕੁਝ ਲੋਕ - ਖੇਲੇ ਜਾਣਗੇ।

ਬੁਲਾਰੇ : ਮਨੁਖੀ ਤੇ ਜਮਹੂਰੀ ਹੱਕ ਤੇ ਨਸਲਵਾਦ ਵਿਰੁਧ ਘੋਲ ਦੀ ਜਾਣਕਾਰੀ ਲਈ ਫਾਰਮ ਵਰਕਰਾਂ ਦੇ ਹਿਤਾਂ ਅਤੇ ਘੋਲ ਦੀ ਜਾਣਕਾਰ, ਚਰਨਪਾਲ ਗਿੱਲ ਪ੍ਰਧਾਨ ਬੀ. ਸੀ. ਓ. ਐਫ. ਆਰ., ਸਰਵਣ ਬੋਲ - ਸੈਕਟਰੀ ਟਰੀਯਰ ਸੀ. ਐਫ. ਯੂ.

ਹੋਰ ਜਾਣਕਾਰੀ ਲਈ ਫੋਨ ਕਰੋ :—
ਕੁਨੈਲ : ਮਨਿੰਦਰ ਗਿੱਲ 992-3142
ਸਵਰਨ ਜੱਝ 992-7033
ਵਿਲੀਅਮਜ਼ ਲੇਕ : ਰਜਿੰਦਰ ਪਰਮਾਰ 392-6426
ਸੁਰਿੰਦਰਪਾਲ ਰਠੌਰ 398-8713

ਚੌਥਾ ਕੌਮਾਂਤਰੀ ਖੇਡਾਂ ਅਤੇ ਸਭਿਆਚਾਰਕ ਮੇਲਾ

ਜਸ਼ਨ ਮਨਾਉਣ ਦਾ ਵਕਤ	ਸਾਡੇ ਉਦੇਸ਼ ਸਾਡੀ ਏਕਤਾ	ਸਾਡਾ ਘੋਲ ਸਾਡਾ ਬਲ

ਨਸਲੀ ਅਤੇ ਫਾਸ਼ੀ ਹਿੰਸਾ ਵਿਰੁਧ ਅਤੇ ਸਾਮਰਾਜੀ ਸੰਸਾਰ ਜੰਗ ਦੇ ਖਤਰੇ ਵਿਰੁਧ, ਆਜ਼ਾਦੀ ਅਤੇ ਉਨਤੀ ਲਈ!

ਜੁਲਾਈ 29 - ਅਗਸਤ 6
ਵੈਨਕੂਵਰ, ਬੀ. ਸੀ.
1984

ਪ੍ਰੋਗਰਾਮ

ਕੌਮਾਂਤਰੀ ਮੁਕਾਬਲੇ

ਸਭਿਆਚਾਰ : ਸਾਹਿਤ ਅਤੇ ਕਲਾ, ਸੰਗੀਤ, ਡਰਾਮਾਂ ਅਤੇ ਲੋਕ-ਨਾਚ

ਖੇਡਾਂ : ਕਬੱਡੀ, ਕੁਸ਼ਤੀਆਂ, ਭਾਰ ਚੁਕਣਾ ਅਤੇ ਹੋਰ ਖੇਡਾਂ ਅਤੇ ਅਥਲੈਟਿਕਸ

(ਸਾਰੇ ਦਾਖਲੇ 30 ਮਈ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣੇ ਚਾਹੀਦੇ ਹਨ)

ਪ੍ਰੋਗਰਾਮ ਵਿਚ

ਨਸਲੀ ਅਤੇ ਫਾਸ਼ੀ ਹਿੰਸਾ ਅਤੇ ਸਾਮਰਾਜੀ ਜੰਗ ਦੇ ਖਤਰੇ ਵਿਰੁੱਧ ਮੁਜ਼ਾਹਰਾ ਅਤੇ ਰੈਲੀ ਸਾਹਿਤ ਅਤੇ ਕਲਾ, ਖੇਡਾਂ ਅਤੇ ਸਿਆਸਤ ਦੇ ਮਸਲਿਆਂ ਉਤੇ ਵਿਚਾਰ ਵਟਾਂਦਰਾ ਵੀ ਸ਼ਾਮਲ ਹੈ

ਚੌਥੇ ਕੌਮਾਂਤਰੀ ਖੇਡਾਂ ਅਤੇ ਸਭਿਆਚਾਰ ਦੇ ਮੇਲੇ ਦੀ ਮਹਾਨ ਸਫਲਤਾ ਲਈ ਸਭ ਅੱਗੇ ਆਓ!

ਨਸਲੀ ਅਤੇ ਫਾਸ਼ੀ ਹਿੰਸਾ ਵਿਰੁੱਧ ਲੋਕ ਮੋਰਚੇ ਵਲੋਂ ਜਥੇਬੰਦ ਕੀਤਾ ਜਾ ਰਿਹਾ ਹੈ, ਇਸ ਦੀ ਮੇਜ਼ਬਾਨੀ ਈਸਟ ਇੰਡੀਅਨ ਡੀਫੈਂਸ ਕਮੇਟੀ(ਜੋ ਪੀਪਲਜ਼ ਫਰੰਟ ਦੀ ਸਬੰਧਤ ਜਥੇਬੰਦੀ ਹੈ) ਅਤੇ ਹੋਰ ਜਥੇਬੰਦੀਆਂ ਕਰ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਪੀ. ਓ. ਬਾਕਸ 4623 ਵੈਨਕੂਵਰ, ਬੀ. ਸੀ. ਟੈਲੀਫੋਨ : (604)681- 5020

ਭਾਰਤ ਦਰਪਣ

ਮਨਚੰਦਾ ਦੇ ਕਤਲ ਪਿਛੋਂ ਹੋਰ ਕਿਹੜੇ ਅਕਾਲੀ ਲੀਡਰ ਦੀ ਵਾਰੀ ਆਵੇਗੀ ?

ਦਿੱਲੀ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਦੇ ਕਤਲ ਨਾਲ ਪੰਜਾਬ ਦੇ ਅਤਿਵਾਦੀਆਂ ਵਲੋਂ ਕਤਲਾਂ ਦਾ ਸਿਲਸਿਲਾ ਨਵਾਂ ਰੂਪ ਧਾਰਨ ਕਰ ਗਿਆ ਹੈ। ਹੁਣ ਕੇਂਦਰ ਪੰਜਾਬ ਦੇ ਨਾਲ ਨਾਲ ਦਿੱਲੀ ਵੀ ਬਣ ਗਿਆ ਹੈ। ਕੇਂਦਰ ਸਰਕਾਰ ਨੂੰ ਜਿਥੇ ਸੁਰਖਿਆ ਪ੍ਰਬੰਧਾ ਬਾਰੇ ਜ਼ਿਆਦਾ ਚੇਤੰਨ ਹੋਣਾ ਪਵੇਗਾ ਉਥੇ ਹਮਲਿਆਂ ਦੇ ਇਸ ਨਵੇਂ ਰੂਪ ਦਾ ਮੁਕਾਬਲਾ ਵੀ ਕਰਨਾ ਪਵੇਗਾ। ਹੁਣ ਅਤਿਵਾਦੀ ਨਿਰੰਕਾਰੀਆਂ, ਬੇਦੋਸ਼ੇ ਮੁਸਾਫਰਾਂ, ਮਾਮੂਲੀ ਅਧਿਕਾਰੀਆਂ ਅਤੇ ਪੁਲਸ ਵਾਲਿਆਂ ਦੀ ਥਾਂ ਆਗੂਆਂ ਤੇ ਹਮਲੇ ਕਰਨੇ ਆਰੰਭ ਕਰਨ ਲੱਗੇ ਹਨ। ਮਨਚੰਦਾ ਕਤਲ, ਸਾਡੇ ਪੱਤਰ ਪਰੇਰਕ ਅਨੁਸਾਰ ਅਜਿਹਾ ਪਹਿਲਾ ਕਤਲ ਹੈ ਜਿਸ ਨਾਲ ਆਗੂਆਂ ਨੂੰ ਕਤਲ ਕਰਨ ਦੀ ਇਹ ਮੁਹਿਮ ਚੱਲੇਗੀ।

ਇਨ੍ਹਾਂ ਕਤਲਾਂ ਦਾ ਆਰੰਭ ਲਾਲਾ ਜਗਤ ਨਰਾਇਣ ਦੇ ਕਤਲ ਅਤੇ ਹਵਾਈ ਜਹਾਜ਼ਾਂ ਦੇ ਅਗਵਾ ਕਰਨ ਤੋਂ ਆਰੰਭ ਹੋਇਆ। ਜਥੇਦਾਰ ਸੰਤੋਖ ਸਿੰਘ ਦਾ ਕਤਲ ਵੀ ਇਸੇ ਲੜੀ ਦਾ ਹਿਸਾ ਸੀ। ਇਹ ਲੋਕ ਜੋ ਕਤਲਾਂ ਵਿਚ ਸ਼ਾਮਲ ਹਨ ਕਿਸੇ ਵੀ ਵਿਰੋਧੀ ਵਿਚਾਰ ਵਾਲੇ ਨੂੰ ਸਹਿਨ ਕਰਨ ਤੋਂ ਅਸਮੱਰਥ ਨਜ਼ਰ ਆਉਂਦੇ ਹਨ। ਇਸ 'ਹਿੱਟ ਲਿਸਟ' ਵਿਚ ਹੁਣ ਵਿਰੋਧੀ ਵਿਚਾਰ ਰੱਖਣ ਵਾਲੇ ਹਰ ਸਖਸ਼ ਦਾ ਨਾਂ ਸ਼ਾਮਲ ਹੋ ਸਕਦਾ ਹੈ।

ਅਤਿਵਾਦੀ ਅਜਿਹਾ ਅਨਸਰ ਕਿਹਾ ਜਾਂਦਾ ਹੈ ਜੋ ਹਿੰਸਾ ਤੇ ਦਹਿਸ਼ਤ ਫੈਲਾਉਣ ਦੇ ਨਾਲ ਨਾਲ ਵਿਰੋਧੀ ਆਵਾਜ਼ਾਂ ਨੂੰ ਵੀ ਕੁਚਲਦਾ ਹੈ। ਇਸ ਦਾ ਅਕਾਲੀ ਦਲ ਦੀਆਂ ਮੰਗਾਂ ਮੰਨੀਆਂ ਜਾਂ ਨਾ ਮੰਨੀਆਂ ਜਾਣ ਨਾਲ ਕੋਈ ਸਬੰਧ ਨਹੀਂ। ਉਤਰੀ ਭਾਰਤ ਵਿਚ ਇਹ ਕਤਲਾਂ ਦਾ ਸਿਲਸਿਲਾ ਤੇ ਸਾਬੋਤਾਜ ਦੀਆਂ ਕਾਰਵਾਈਆਂ ਮੰਗਾਂ ਨਾਲ ਸਬੰਧਤ ਨਾ ਹੋ ਕੇ ਕਿਸੇ ਡੂੰਘੀ 'ਸਾਜਿਸ਼' ਦੀਆਂ ਪ੍ਰਤੀਕ ਹਨ। ਦਹਿਸ਼ਤ ਪਸੰਦਾਂ ਕੋਲ ਸਿਧੀ ਸਾਧੀ ਤਰਕ ਹੈ ਉਨ੍ਹਾਂ ਦਾ ਸਪਸ਼ਟ ਲਖਸ਼ ਹੈ ਕਿ ਜੋ ਉਨ੍ਹਾਂ ਦੇ ਹੱਕ ਵਿਚ ਨਹੀਂ ਬੋਲਦਾ ਜਾਂ ਲਿਖਦਾ, ਉਹ ਉਨ੍ਹਾਂ ਦਾ ਦੁਸ਼ਮਣ ਹੈ। ਸਾਰੀਆਂ ਪਾਰਟੀਆਂ ਨੂੰ ਹੁਣ ਇਹ ਸੋਚਣਾ ਚਾਹੀਦਾ ਹੈ ਕਿ ਅਜਿਹਾ ਅਸਹਿਨਸ਼ੀਲਤਾ ਦਾ ਵਾਤਾਰਵਣ ਉਨ੍ਹਾਂ ਨੇ ਬਰਦਾਸ਼ਤ ਕਰਨਾ ਹੈ ਜਾਂ ਜਮਹੂਰੀਅਤ, ਜਿਸ ਵਿਚ ਲਿਖਣ, ਬੋਲਣ, ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ, ਉਸਨੂੰ ਇਸੇ ਤਰ੍ਹਾਂ ਕੁਚਲਣ ਦਿਤਾ ਜਾਣਾ ਚਾਹੀਦਾ ਹੈ।

ਸਾਡੇ ਪੱਤਰ ਪਰੇਰਕ ਅਨੁਸਾਰ ਅਕਾਲੀ ਲੀਡਰ ਇਸ ਸਮੇਂ ਇਨ੍ਹਾਂ ਦਹਿਸ਼ਤਪਸੰਦ ਅਨਸਰਾਂ ਅੱਗੇ ਗੋਡੇ ਟੇਕ ਗਏ ਹਨ। ਜੇ ਅੱਜ ਮਨਚੰਦਾ ਇਨ੍ਹਾਂ ਦਹਿਸ਼ਤਪਸੰਦਾਂ ਦਾ ਸ਼ਿਕਾਰ ਹੋਇਆ ਹੈ, ਤਾਂ ਇਸ ਗੱਲ ਦੀ ਕੀ ਗਰੰਟੀ ਹੈ ਕਿ ਹੋਰ ਨਰਮ-ਦਲੀਏ ਅਕਾਲੀ ਵੀ ਇਸ ਦਾ ਸ਼ਿਕਾਰ ਨਹੀਂ ਹੋਣਗੇ? ਜੋ ਗੋਲੀਆਂ ਅੱਜ ਵਿਰੋਧੀ ਵਿਚਾਰਾਂ ਵਾਲਿਆਂ ਦੇ ਵੱਜ ਰਹੀਆਂ ਹਨ - ਉਹ ਅਕਾਲੀਆਂ ਵਿਚਲੇ ਅਜਿਹੇ ਲੀਡਰਾਂ ਦੇ ਵੱਜ ਸਕਦੀਆਂ ਹਨ ਜੋ ਸਹੀ ਰਾਹ ਅਪਨਾਉਣ ਦੀ ਗੱਲ ਕਰਨਗੇ?

ਭਗਤ ਸਿੰਘ ਨੂੰ ਫਾਂਸੀ ਦੇਣ ਵਾਲੀ ਕਲਮ ਖਟਕੜ ਕਲਾਂ

ਨਵਾਂ ਸ਼ਹਿਰ — ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੂੰ ਫਾਂਸੀ ਹੁਕਮ ਲਿਖਣ ਵਾਲੀ ਕਲਮ ਫਿਲੌਰ ਦੇ ਕਿਲੇ ਵਿਚੋਂ ਲਿਆ ਕੇ ਯਾਦਗਾਰੀ ਹਾਲ (ਅਜਾਇਬ ਘਰ) ਖਟਕੜ ਕਲਾਂ ਵਿਚ ਲੋਕਾਂ ਲਈ ਪ੍ਰਦਰਸ਼ਨੀ ਲਈ ਰਖੀ ਗਈ। ਇਹ ਫੈਸਲਾ ਸਿੰਘ ਮੈਮੋਰੀਅਲ ਕਮੇਟੀ ਦੀ ਇਕ ਮੀਟਿੰਗ ਵਿਚ ਸਰਦਾਰ ਜਗਜੀਤ ਸਿੰਘ ਐਸ. ਡੀ. ਐਮ. ਨਵਾਂ ਸ਼ਹਿਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ ਸੀ। ਇਕ ਹੋਰ ਮਤਾ ਪਾਸ ਕੀਤਾ ਗਿਆ ਕਿ ਸ਼ਹੀਦ ਭਗਤ ਸਿੰਘ ਦੇ ਬੁਤ ਨਾਲ ਲਗਦੀ ਪੰਚਾਇਤ ਦੀ ਜ਼ਮੀਨ ਯਾਦਗਾਰ ਕਮੇਟੀ ਨੂੰ ਦੇ ਦਿਤੀ ਜਾਵੇ ਤਾਂ ਕਿ ਉਸ ਦੀ ਯਾਦਗਾਰ ਉਸਾਰੀ ਜਾ ਸਕੇ।

■ ਮੈਜਿਸਟਰੇਟ : ਕੀ ਤੁਸੀਂ ਇਸ ਗੱਲ ਨੂੰ ਸਵੀਕਾਰ ਕਰਦੇ ਹੋ ਕਿ ਤੁਸੀਂ ਰਾਤ ਨੂੰ ਦੋ ਵਜੇ ਪਿਛਲੇ ਦਰਵਾਜ਼ੇ 'ਚੋਂ ਰਾਮ ਨਾਥ ਦੇ ਘਰ ਵੜੇ ਸੀ?

ਅਪਰਾਧੀ : ਹਜ਼ੂਰ, ਮੈਂ ਸਮਝਿਆ ਸੀ ਕਿ ਉਹ ਮੇਰਾ ਘਰ ਹੈ.

ਮੈਜਿਸਟਰੇਟ : ਅੱਛਾ ਤਾਂ ਤੁਸੀਂ ਭੱਜੇ ਕਿਉਂ? ਜਦ ਤੁਹਾਡੇ ਸਾਹਮਣੇ ਰਾਮ ਨਾਥ ਦੀ ਪਤਨੀ ਆਈ ਤਾਂ ਤੁਸੀਂ ਖਿੜਕੀ 'ਚੋਂ ਕੁਦ ਕੇ ਹੇਠਲੀ ਮੰਜ਼ਿਲ 'ਤੇ ਆ ਕੇ ਗੁਸਲਖਾਨੇ ਵਿੱਚ ਕਿਉਂ ਲੁਕ ਗਏ?

ਅਪਰਾਧੀ : ਸਰਕਾਰ, ਮੈਂ ਸਮਝਿਆ ਸੀ ਕਿ ਉਹ ਮੇਰੀ ਪਤਨੀ ਹੈ.

ਇਕ ਦਿਨ ਜਦੋਂ ਮੈਂ ਸੱਚ ਲੱਭਣ ਗਿਆ "ਸੱਚ" ਕੋਲੋਂ ਹੀ ਕੁਚਲਿਆ ਗਿਆ। ਉਸ ਹਾਦਸੇ ਤੋਂ ਬਾਅਦ ਮੇਰੀ ਸੋਚ ਲੰਗੜੀ ਹੋ ਗਈ। —ਐਡਰੀਅਨ ਮਿਚੇਲ

ਸੁਰਜੀਤ ਭਲਾਈ ਲਈ ਹਾਕੀ ਮੈਚ — ਹਿੰਦ ਪਾਕ 2-2 ਨਾਲ ਬਰਾਬਰ

ਨਵੀਂ ਦਿੱਲੀ— ਇਥੇ ਨੈਸ਼ਨਲ ਸਟੇਡੀਅਮ ਵਿਚ ਸੁਰਜੀਤ ਭਲਾਈ ਲਈ ਖੇਲੇ ਗਏ ਹਾਕੀ ਮੈਚ ਵਿਚ ਭਾਰਤ ਅਤੇ ਪਾਕਿਸਤਾਨ ਦੋ ਦੋ ਗੋਲ ਕਰਕੇ ਬਰਾਬਰ ਰਹੇ। ਮੈਚ ਬਹੁਤ ਹੀ ਦਿਲਚਸਪ ਸਿੱਧ ਹੋਇਆ। ਇਸ ਲੜੀ ਦਾ ਅਗਲਾ ਮੈਚ ਪਾਕਿਸਤਾਨ ਵਿਚ ਖੇਲਿਆ ਜਾਵੇਗਾ।

ਸ੍ਰੀ ਮਤੀ ਚੰਚਲ ਸਿੰਘ (ਸੁਰਜੀਤ ਦੀ ਵਿਧਵਾ) ਨੂੰ ਭਾਰਤ ਸਰਕਾਰ ਦੇ ਖੇਲ ਮੰਤਰੀ ਸ੍ਰੀ ਬੂਟਾ ਸਿੰਘ ਨੇ ਤਿੰਨ ਲੱਖ ਰੁਪੈ ਦਾ ਚੈਕ ਭੇਟ ਕੀਤਾ। ਯਾਦ ਰਹੇ ਕਿ ਭਾਰਤ ਦੀ ਹਾਕੀ ਟੀਮ ਦੇ ਸਾਬਕਾ ਪ੍ਰਧਾਨ ਸ੍ਰੀ ਸੁਰਜੀਤ ਸਿੰਘ ਦੀ ਪਿਛੇ ਜਹੇ ਇਕ ਕਾਰ ਦੁਰਘਟਨਾ ਵਿਚ ਮੌਤ ਹੋ ਗਈ ਸੀ। ਉਨ੍ਹਾਂ ਦੇ ਨਾਲ ਹੀ ਸ੍ਰੀ ਪ੍ਰਸ਼ੋਤਮ ਵੀ ਦੁਰਘਟਨਾ ਦਾ ਸ਼ਿਕਾਰ ਹੋ ਗਏ ਸਨ ਉਨ੍ਹਾਂ ਦੀ ਪਤਨੀ ਨੂੰ ਵੀ 75000 ਰੁਪੈ ਦਿਤੇ ਗਏ ਹਨ। ਸ੍ਰੀ ਸੁਰਜੀਤ ਸਿੰਘ ਦੇ ਪਿਤਾ ਨੂੰ 25000 ਰੁਪੈ ਅਤੇ ਸ੍ਰੀ ਪ੍ਰਸ਼ੋਤਮ ਦੇ ਪਿਤਾ ਨੂੰ 11000 ਰੁਪੈ ਦਿਤੇ ਗਏ ਹਨ।

ਪਹਿਲਾ ਭਾਰਤੀ ਪੁਲਾੜ ਵਿਚ

ਮਾਸਕੋ — ਭਾਰਤ ਦਾ ਪਹਿਲਾ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਇਸ ਸਮੇਂ ਰੂਸੀ ਪੁਲਾੜ ਯਾਤਰੀਆਂ ਯੂਰੀ ਮਾਲੀਸ਼ੇਵ ਤੇ ਗੈਨੇਡੀ ਸਟਰੇਕਾ ਲੋਵ ਨਾਲ ਸੋਊਜ-ਈ-11 ਵਿਮਾਨ ਵਿਚ ਪੁਲਾੜ ਵਿਚ ਯਾਤਰਾ ਉਤੇ ਹੈ।

ਇਹ ਪੁਲਾੜ-ਵਿਮਾਨ ਮੰਗਲਵਾਰ ਨੂੰ ਛੱਡਿਆ ਗਿਆ। ਰਾਕੇਸ਼ ਸ਼ਰਮਾ ਇੰਡੀਅਨ ਏਅਰ ਫੋਰਸ ਦਾ ਸਕੁਐਡਰਨ ਲੀਡਰ ਹੈ। ਰਾਕੇਸ਼ ਸ਼ਰਮਾ ਦੀ ਉਮਰ 35 ਸਾਲ ਹੈ।

ਰਾਕੇਸ਼ ਕਾਸਮੋਨਾਟ - ਰੀਸਰਚਰ ਦੇ ਤੌਰ ਤੇ ਖੋਜ ਕਰ ਰਿਹਾ ਹੈ। ਇਸ ਪੁਲਾੜ ਯਾਤਰਾ ਨੂੰ ਹਿੰਦ-ਰੂਸੀ ਦੋਸਤੀ ਦੀ ਪ੍ਰਤੀਕ ਕਿਹਾ ਗਿਆ ਹੈ। ਇਹ ਵਿਮਾਨ ਸਾਲੀਯੁਤ - 7 ਸਪੇਸ ਸਟੇਸ਼ਨ ਨਾਲ ਜੁੜੇਗਾ।

ਪੁਲਾੜ ਯਾਤਰੀ ਮੈਡੀਕਲ ਤਜਰਬੇ, ਫੋਟੋਆਂ ਆਦਿ ਦੇ ਕੰਮਾਂ ਵਿਚ ਲੱਗੇ ਹੋਏ ਹਨ।

ਬਾਗੀਆਂ ਦੇ ਬੰਗਲਾ ਦੇਸ਼ 'ਚ ਅੱਡੇ

ਨਵੀਂ ਦਿੱਲੀ — ਕੇਂਦਰੀ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਨੇ ਲੋਕ ਸਭਾ ਵਿਚ ਦਸਿਆ ਕਿ ਉਤਰੀ ਪੂਰਬੀ ਖੇਤਰ ਦੇ ਕੁਝ ਬਾਗੀਆਂ ਨੇ ਬੰਗਲਾ ਦੇਸ਼ ਵਿਚ ਅੱਡੇ ਬਣਾਏ ਹੋਏ ਹਨ। ਸਰਕਾਰ ਉਹਨਾਂ ਦਾ ਸਫਾਇਆ ਕਰਨ ਲਈ ਬੰਗਲਾ ਦੇਸ਼ ਸਰਕਾਰ ਨਾਲ ਸੰਪਰਕ ਵਿਚ ਹੈ। ਉਹਨਾਂ ਦਸਿਆ ਕਿ ਬਾਗੀਆਂ ਦੇ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਇਸ ਖੇਤਰ ਲਈ 36.5 ਕਰੋੜ ਰੁਪਏ ਦੀ ਇਕ ਟੀ. ਵੀ. ਯੋਜਨਾ ਨੂੰ ਮਨਜੂਰੀ ਦੇ ਦਿਤੀ ਗਈ ਹੈ। ਉਹਨਾਂ ਕਿਹਾ ਕਿ ਲਾਲ ਡੇਂਗਾ ਨਾਲ ਗੱਲਬਾਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਡਾ: ਗੋਪਾਲ ਸਿੰਘ ਵਲੋਂ ਲੌਂਗੋਵਾਲ ਦੇ ਨਾਂ ਖੁਲ੍ਹਾ ਖਤ

ਨਵੀਂ ਦਿੱਲੀ — 'ਹਿੰਦੁਸਤਾਨ ਟਾਈਮਜ਼' ਵਿਚ ਡਾ: ਗੋਪਾਲ ਸਿੰਘ ਦੀ ਸੰਤ ਲੌਂਗੋਵਾਲ ਦੇ ਨਾਂ ਇਕ ਖੁਲ੍ਹੀ ਚਿੱਠੀ ਛਪੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ 2 ਅਪਰੈਲ ਤੋਂ 'ਪੰਥ ਆਜ਼ਾਦ ਹਫਤੇ' ਦਾ ਨਾਅਰਾ ਦੇ ਕੇ ਗੁਰਬਾਣੀ ਦੇ ਅਸੂਲ 'ਸੱਭੇ ਸਾਂਝੀਵਾਲ ਸਦਾਇਨ' ਦੇ ਪਵਿੱਤਰ ਵਾਕ ਦੀ ਉਲੰਘਣਾ ਕੀਤੀ ਗਈ ਹੈ। ਡਾ: ਗੋਪਾਲ ਸਿੰਘ ਨੇ ਲਿਖਿਆ ਹੈ ਕਿ ਸਿਖ ਧਰਮ ਸਮੁੱਚੀ ਲੋਕਾਈ ਨੂੰ ਬੁੱਕਲ ਵਿਚ ਲੈਣ ਦੇ ਸਮਰੱਥ ਹੈ। ਪਰ 'ਪੰਥ ਅਜ਼ਾਦ' ਦਾ ਨਾਅਰਾ ਖਤਰਨਾਕ ਸਿੱਟੇ ਕੱਢ ਸਕਦਾ ਹੈ।

ਗੋਪਾਲ ਸਿੰਘ ਨੇ ਲਿਖਿਆ ਹੈ 'ਕਿ ਧਾਰਾ 25 ਨੂੰ ਜਾਲ ਕੇ ਤੁਸੀਂ ਪਹਿਲਾਂ ਹੀ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਇਸੇ ਧਾਰਾ ਵਿਚ ਸਿੱਖਾਂ ਨੂੰ ਸਿਖ ਮੰਨਕੇ ਕਿਰਪਾਨ ਰੱਖਣ ਦੀ ਆਜ਼ਾਦੀ ਦਿਤੀ ਗਈ ਹੈ। ਇਹ ਧਾਰਾ ਸਿੱਖਾਂ ਨੂੰ ਵੱਖਰਾ ਧਰਮ ਮੰਨਦੀ ਹੈ।

ਧਮਕੀਆਂ ਦੇ ਬਾਵਜੂਦ ਗੋਦੀ ਮਜ਼ਦੂਰਾਂ ਦੀ ਹੜਤਾਲ ਜਾਰੀ

ਨਵੀਂ ਦਿੱਲੀ — ਏਟਕ ਜਨਰਲ ਸਕੱਤਰ ਅਤੇ ਪੋਰਟ, ਡਾਕ ਐਂਡ ਵਾਟਰ ਫਰੰਟ ਵਰਕਰਜ਼ ਫੈਡਰੇਸ਼ਨ ਆਲ ਇੰਡੀਆ ਦੇ ਪ੍ਰਧਾਨ ਇੰਦਰਜੀਤ ਗੁਪਤਾ ਨੇ ਇਕ ਬਿਆਨ ਵਿਚ ਐਲਾਨ ਕੀਤਾ ਹੈ ਕਿ ਤਮਾਮ ਧਮਕੀਆਂ ਅਤੇ ਸਮੁੰਦਰੀ ਫੌਜਾਂ ਦੀ ਸਹਾਇਤਾ ਨਾਲ ਹੜਤਾਲ ਨੂੰ ਤੁੜਵਾਉਣ ਦੇ ਯਤਨਾਂ ਦੇ ਬਾਵਜੂਦ ਤਿੰਨ ਲੱਖ ਬੰਦਰਗਾਹ ਅਤੇ ਗੋਦੀ ਮਜ਼ਦੂਰਾਂ ਦੇ ਦੇਸ਼ ਪੱਧਰ ਦੀ ਹੜਤਾਲ ਜਾਰੀ ਹੈ।

ਹੜਤਾਲ ਨੂੰ ਪੂਰਨ ਤੌਰ ਤੇ ਸ਼ਾਂਤੀਪੂਰਨ ਅਤੇ ਇਕਮੁਠ ਦਸਦੇ ਹੋਏ ਉਹਨਾਂ ਨੇ ਕਿਹਾ ਹੈ ਕਿ ਹੜਤਾਲ ਉਸ ਸਮੇਂ ਤਕ ਜਾਰੀ ਰਹੇਗੀ ਜਦੋਂ ਤਕ ਕਿ ਇਸਪਾਤ ਮਜ਼ਦੂਰਾਂ ਦੇ ਬਰਾਬਰ ਦੀ ਤਨਖਾਹ ਬੰਦਰਗਾਹ ਅਤੇ ਗੋਦੀ ਮਜ਼ਦੂਰਾਂ ਦੀ ਮੰਗ ਸਵੀਕਾਰ ਨਹੀਂ ਕਰ ਲਈ ਜਾਂਦੀ।

ਉਹਨਾਂ ਨੇ ਕਿਹਾ ਕਿ ਸਰਕਾਰ ਫੈਡਰੇਸ਼ਨ ਦੇ ਆਗੂਆਂ ਨਾਲ ਗੱਲਬਾਤ ਦੀ ਬਜਾਏ ਸਖਤੀ ਨਾਲ ਆਪਣੀ ਮਾਸੂਮੀਅਤ ਦਾ ਢੌਂਗ ਰਚ ਰਹੀ ਹੈ। ਇਹ ਇਕ ਬੇਹੁਦੀ ਗੈਰ-ਜ਼ੁੰਮੇਵਾਰੀ ਗੱਲ ਹੈ ਅਤੇ ਇਸ ਨਾਲ ਹੜਤਾਲ ਹੋਰ ਲੰਬੀ ਹੋਵੇਗੀ।

ਨਜਾਇਜ਼ ਹਥਿਆਰਾਂ ਦੀ ਫੈਕਟਰੀ ਦੇ ਮਾਲਕਾਂ ਦਾ ਸਰੀਰਕ ਰਿਮਾਂਡ

ਫਿਰੋਜ਼ਪੁਰ — ਬੀਤੇ ਦਿਨ ਪੁਲੀਸ ਨੇ ਜਲਾਲਾਬਾਦ ਤੋਂ 15 ਕਿਲੋਮੀਟਰ ਦੂਰ ਪਿੰਡ ਗੋਲੂ ਕੇ 'ਚ ਛਾਪਾ ਮਾਰ ਕੇ ਇਕ ਨਜਾਇਜ ਹਥਿਆਰ ਬਨਾਉਣ ਵਾਲੀ ਫੈਕਟਰੀ ਦਾ ਪਤਾ ਲਗਾਇਆ ਸੀ। ਇਸ ਕੇਸ ਨਾਲ ਸਬੰਧਤ ਧਾਰਾ 25,54 ਅਤੇ 59 ਦੇ ਅਧੀਨ ਤਿੰਨ ਵਿਅਕਤੀਆਂ ਜਰਨੈਲ ਸਿੰਘ, ਅਸ਼ਵਨੀ ਕੁਮਾਰ ਤੇ ਦਿਆਲ ਰਾਮ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਇਨ੍ਹਾਂ ਦਾ ਇਕ ਸਾਥੀ ਜੀਤ ਰਾਮ ਹੁਣ ਤਕ ਫਰਾਰ ਹੈ। ਪੁਲਸ ਨੇ ਤਿੰਨਾ ਵਿਅਕਤੀਆਂ ਦਾ ਸਰੀਰਕ ਰਿਮਾਂਡ ਲੈ ਲਿਆ ਹੈ।

ਚੁਪਕੇ ਚੁਪਕੇ ਜੀਂਦੇ ਮਰਦੇ, ਛੁਪ ਕੇ ਲੋਕ ਘਰਾਂ ਵਿਚ।
ਬੰਦੇ ਵਰਗੀ ਸ਼ੈਅ ਨਾ ਮਿਲਦੀ, ਹੁਣ ਤਾਂ ਸਭ ਨਗਰਾਂ ਵਿਚ

ਸਾਹਿਤ ਦਰਪਣ

ਕਹਾਣੀ : ਉਡੱਣ ਵਾਲੀ ਨਾਨੀ

ਹਰਭਜਨ ਸਿੰਘ ਦਿਓਲ

ਦੋਹਤੇ ਦੋਹਤੀਆਂ ਦੀ ਨਾਨੀ ਹੋਇਆ ਹੀ ਕਰਦੀ ਹੈ ਪਰ ਬੜਾ ਫਰਕ ਹੈ ਦੋਹਤੇ ਦੀ ਨਾਨੀ ਅਤੇ ਦੋਹਤੀ ਦੀ ਨਾਨੀ ਵਿਚ — ਦੋਹਤੀ ਦੀ ਨਾਨੀ ਜਦ ਤੁਰਦੀ ਹੈ ਤਾਂ ਜਿਵੇਂ ਬੋਝਲ ਪੰਡ ਦਾ ਭਾਰ ਸਿਰ ਤੇ ਹੋਵੇ — ਦੋਹਤੇ ਦੀ ਨਾਨੀ ਤੁਰਦੀ ਘੱਟ ਹੈ ਉਡਦੀ ਬਹੁਤਾ ਹੈ।

ਜਨਵਰੀ ਮਹੀਨੇ ਦੀ ਠੰਡਾਂ ਵਿਚ ਇਕ ਵੇਰ ਇਕ ਅਜੇਹੀ ਹੀ ਨਾਨੀ ਅਚਨਚੇਤ ਮੇਰੇ ਰਾਹ ਵਿਚ ਆ ਗਈ — ਤਕਿਆ ਉਸਨੂੰ ਪਹਿਲਾਂ ਵੀ ਕਈ ਵੇਰ ਸੀ ਪਰ ਇਹ ਮਿਲਣੀ ਕੁਝ ਹੋਰ ਹੀ ਸੀ।

ਪੂਰੇ ਦੋ ਸਾਲ ਹੋ ਗਏ ਸਨ ਜਦ ਉਸਨੇ ਆਪਣੀ 'ਜੀਤਾਂ' ਦੇ ਹੱਥ ਪੀਲੇ ਕੀਤੇ ਸਨ — ਧੀ ਦੀ ਡੋਲੀ ਤੋਰ ਕੇ ਸ਼ਾਇਦ ਉਸਨੂੰ ਉਹ ਨੀਂਦ ਹਾਲੇ ਵੀ ਨਹੀਂ ਸੀ ਆਈ ਜਿਸਨੂੰ ਸੁਖ ਜਾਂ ਚੈਣ ਦੀ ਨੀਂਦ ਕਿਹਾ ਜਾਂਦਾ ਹੈ — ਨਵੀਂ ਵਿਆਹੀ ਧੀ ਅਤੇ ਜੁਆਈ ਜਦ ਵੀ ਆਉਂਦੇ — ਉਸ ਦੀ ਤੋਰ ਵਿਚ ਫੁਰਤੀ ਆ ਜਾਂਦੀ — ਕੋਈ ਅਗੰਮੀ ਜਿਹਾ ਚਾਅ ਉਸਨੂੰ ਚੜ੍ਹਦਾ ਸੀ ਧੀ ਜੁਆਈ ਨੂੰ ਇਕਠਿਆਂ ਦੇਖ ਕੇ — ਉਹ ਅੱਡੀਆਂ ਤੇ ਨਹੀਂ ਸਗੋਂ ਪੱਬਾਂ ਤੇ ਤੁਰਦੀ ਸੀ — ਜਿਸ ਘਰ ਵਿਚੋਂ 'ਜੀਤਾਂ' ਨੂੰ ਤੋਰਿਆ ਸੀ — ਉਸੇ ਵਿਚ ਬਿਠਾਓਣ ਲਈ ਉਹ 'ਜੀਤਾਂ' ਅਤੇ ਜੁਆਈ ਲਈ ਥਾਂ ਲਭਦੀ ਫਿਰਦੀ — ਓਹੀ ਘਰ ਉਸਨੂੰ ਸੌੜਾ ਸੌੜਾ ਜਾਪਦਾ — ਘਰ ਵਿਚ ਹਾਲੇ ਦੋ ਦੋ ਹਾਥੀ ਝੂਲ ਰਹੇ ਸਨ।

ਕੁਆਰੀਆਂ ਧੀਆਂ ਨੂੰ ਸੌਹਰੀਂ ਤੋਰਣ ਦੀ ਚਿੰਤਾ ਹਰ ਮਾਂ ਲਈ ਇਕ ਕੁਦਰਤੀ ਲਗਾ ਰੋਗ ਹੈ — ਜੁਆਨ ਹੋ ਰਹੀਆਂ ਧੀਆਂ ਹਰ ਮਾਂ ਦੀ ਨੀਂਦ ਚੱਟ ਜਾਂਦੀਆਂ ਹਨ — ਇਸੇ ਉਨੀਂਦਰੇ ਵਿਚ ਖੁੱਬੇ ਰਹਿਣ ਤੋਂ ਇਲਾਵਾ 'ਜੀਤਾਂ' ਦੇ ਵਿਆਹ ਦੇ ਇਕ ਸਾਲ ਬਾਅਦ ਵੀ ਇਕ ਹੋਰ ਚਿੰਤਾ ਉਸਨੂੰ ਖਾ ਰਹੀ ਸੀ — ਧੀ ਦੀ ਕੁੱਖ ਹਰੀ ਹੋਣ ਦੇ ਸੁਫਨੇ ਉਹ ਜਾਗਦਿਆਂ ਹੀ ਦੇਖਦੀ ਰਹਿੰਦੀ ਸੀ — ਪਰ 'ਜੀਤਾਂ' ਨੇ ਕਦੇ ਵੀ ਇਹ ਖ਼ੁਸ਼ਖ਼ਬਰੀ ਮਾਂ ਨੂੰ ਆ ਕੇ ਨਾ ਸੁਣਾਈ — ਇਕ ਸਾਲ ਬੀਤ ਗਏ ਮਗਰੋਂ ਉਸਨੇ ਹਰ ਸਮਾਧ ਤੇ ਮੱਥੇ ਟੇਕੇ, ਸ਼ਿਵਦੁਆਲੇ, ਮੰਦਰ, ਗੁਰਦੁਆਰੇ ਹਰ ਥਾਂ ਮੰਨਤਾਂ ਮੰਨੀਆਂ "ਦਾਤਾ! ਮੇਹਰ ਕਰ — ਮੇਰੀ 'ਜੀਤਾਂ' ਨੂੰ ਵਸਦੀਆਂ ਵਿਚ ਕਰਦੇ — ਤੇਰੇ ਘਰ ਕੀ ਘਾਟਾ ਹੈ — ਮੇਰੀ ਸੁਖਾਂ ਲੱਧੀ ਧੀ ਦੀ ਝੋਲੀ ਭਰ ਦੇ ਦਾਤਾ!" — ਕੁਟੀਆ ਵਾਲੇ ਸੰਤਾਂ ਨੂੰ ਤਵੀਤ ਦੇਣ ਲਈ ਬੇਨਤੀ ਕੀਤੀ — ਹਰ ਮਸਿਆ, ਹਰ ਸੰਗਰਾਂਦ ਪੁਨਿਆ ਮਨਾਈ ਜਾਣ ਲੱਗੀ।

ਕੁਝ ਸਮਾਂ ਹੋਰ ਲੰਘ ਗਿਆ — ਦਿਨ ਚੜ੍ਹਣ ਮਗਰੋਂ ਜਿਵੇਂ ਹਰ ਘੰਟੇ ਦਿਨ ਦੀ ਗਰਮੀ ਵਧਣ ਲਗਦੀ ਹੈ — ਹਰ ਦਿਨ ਲੰਘਣ ਤੇ ਮਾਂ ਦੀ ਚਿੰਤਾ ਵਿਚ ਹੋਰ ਵਾਧਾ ਹੋਣ ਲਗਾ।

ਇਕ ਦਿਨ 'ਜੀਤਾਂ' ਦੀ ਚਿੱਠੀ ਨੇ ਮਾਂ ਦੇ ਕੁਮਲਾ ਰਹੇ ਚੇਹਰੇ ਤੇ ਖੇੜਾ ਲੈ ਆਂਦਾ — ਨਿੱਕੀਆਂ ਭੈਣਾ ਨੇ ਮਾਂ ਨੂੰ 'ਜੀਤਾਂ' ਦੀ ਚਿੱਠੀ ਪੜ੍ਹ ਕੇ ਸੁਣਾਈ — ਮਾਂ ਨੂੰ 'ਜੀਤਾਂ' ਦੇ ਵਿੰਗੇ ਟੇਢੇ ਸ਼ਬਦਾਂ ਵਿਚੋਂ ਆਪਣੇ ਮਤਲਬ ਦੀ ਚੀਜ਼ ਲੱਭ ਪਈ ਸੀ — ਹਰ ਗੂੰਗੇ ਦੀ ਮਾਂ ਉਸਦੀ ਸੈਨਤ ਸਮਝ ਲੈਂਦੀ ਹੈ — 'ਜੀਤਾਂ' ਦੇ ਸ਼ਬਦਾਂ ਨੂੰ ਮਾਂ ਨੇ ਡੀ-ਕੋਡ ਕਰ ਲਿਆ — ਉਸ ਦੇ ਚੇਹਰੇ ਤੇ ਚਮਕ ਆ ਗਈ — 'ਜੀਤਾਂ' ਛੇਤੀ ਹੀ ਆ ਰਹੀ ਸੀ — ਉਸਦਾ ਪੈਰ ਭਾਰੀ ਸੀ — ਇਸ ਖ਼ਬਰ ਨੇ ਜਿਵੇਂ ਮਾਂ ਦੇ ਸਿਰ ਤੋਂ ਭਾਰੀ ਪੰਡ ਲਾਹ ਕੇ ਸੁੱਟ ਦਿਤੀ ਸੀ — ਹਰ ਗੱਲ ਨਾਲ ਉਹ ਪਰਮਾਤਮਾ ਦਾ ਸ਼ੁਕਰ ਕਰਦੀ — ਹਸ ਹਸ ਕੇ ਉਹ ਗੱਲਾਂ ਕਰਨ ਲਗੀ — ਭਜ ਭਜ ਕੇ ਉਹ ਮੰਨੀਆਂ ਹੋਈਆਂ ਮੰਨਤਾਂ ਪੂਰੀਆਂ ਕਰਦੀ — ਆਪਣੀ ਹਾਨਣਾ ਦੇ ਕੰਨਾਂ ਨਾਲ ਮੂੰਹ ਲਾਕੇ ਉਹ ਕੁਝ ਕਹਿੰਦੀ ਅਤੇ ਆਪਣੀ ਖ਼ੁਸ਼ੀ ਵਿਚ ਉਹਨਾਂ ਨੂੰ ਸ਼ਰੀਕ ਕਰ ਲੈਂਦੀ।

ਹੁਣ 'ਜੀਤਾਂ' ਆ ਗਈ ਸੀ — ਜੀਤਾਂ ਦੀ ਮਾਂ ਦਾ ਕੰਮ ਵਧ ਗਿਆ ਸੀ — ਜੀਤਾਂ ਭਾਵੇਂ ਇਸੇ ਘਰ ਵਿਚੋਂ ਗਈ ਸੀ ਅਤੇ ਹਰ ਸੁਸ਼ੀਲ ਧੀ ਵਾਂਗ ਇਸੇ ਘਰ ਦਾ ਹਰ ਕੰਮ ਕਾਜ ਕਰਕੇ ਮਾਂ ਦਾ ਹੱਥ ਵਟਾਉਂਦੀ ਰਹੀ ਸੀ — ਪਰ ਹੁਣ ਉਸਨੂੰ ਹਰ ਕੰਮ ਤੋਂ ਵਰਜਿਆ ਜਾਂਦਾ ਸੀ — ਕੇਵਲ ਬੈਠੇ ਰਹਿਣ ਨੂੰ ਹੀ ਕਿਹਾ ਜਾਂਦਾ ਸੀ — ਬਸ ਆਰਾਮ ਕਰਨਾ ਹੀ ਉਸਦਾ ਇਕੋ ਇਕ ਕੰਮ ਸੀ — ਇਕ ਹੋਰ ਖਾਸ ਕੰਮ ਜੋ ਜੀਤਾਂ ਨੂੰ ਕਰਨਾ ਪੈਂਦਾ ਸੀ ਉਹ ਸੀ ਦੂਹਰੀ ਤੀਹਰੀ ਖ਼ੁਰਾਕ ਖਾਂਦੇ ਰਹਿਣਾ — ਹਰ ਮੌਸਮੀ ਫਲਾਂ ਦਾ ਜੂਸ ਜਾਂ ਦੁਧ ਦਾ ਕਟੋਰਾ ਹੱਥ ਵਿਚ ਹੀ ਰਖਣਾ — ਜਿਨ੍ਹਾਂ ਭੈਣਾਂ ਤੋਂ ਕਦੇ ਜੀਤਾਂ ਟੀਚਰ ਵਾਂਗ ਕੰਮ ਕਰਾਉਂਦੀ ਸੀ — ਹੁਣ ਓਹੀ ਭੈਣਾਂ ਉਸਦੀਆਂ ਟੀਚਰ ਬਣੀਆਂ ਹੋਈਆਂ ਸਨ — ਜੀਤਾਂ ਨੂੰ ਡੱਕਾ ਵੀ ਦੂਹਰਾ ਨਹੀਂ ਸਨ ਕਰਨ ਦੇਂਦੀਆਂ।

ਸਾਡੀ ਸਮਾਜ ਦਾ ਕਿਤਨਾ ਸੋਹਣਾ ਇਹ ਰਿਵਾਜ ਜਾਂ ਰਸਮ ਹੈ ਕਿ ਅਜੇਹੇ ਸਮੇਂ ਧੀ ਪੇਕੇ ਪਹੁੰਚ ਜਾਂਦੀ ਹੈ — ਸ਼ਾਇਦ ਹਾਲੇ ਕਿਸੇ ਸੱਸ ਵਿਚ 'ਮਾਂ' ਬਣਣ ਦੀ ਅਤੇ ਕਿਸੇ ਨਣਦ ਵਿਚ 'ਭੈਣ' ਬਣਣ ਦੀ ਪੂਰਨਾ ਨਹੀਂ ਆਈ — ਨਹੀਂ ਤਾਂ ਹਰ ਲੜਕੀ ਸੋਹਰੇ ਹੀ ਰਹੇ।

ਲੜਕੀਆਂ ਵੀ ਸੋਹਰੇ ਜਾਕੇ ਆਪਣੇ ਆਪ ਨੂੰ ਸੱਸ ਦੀ 'ਧੀ' ਅਤੇ ਨਣਦ ਦੀ 'ਭੈਣ' ਨਹੀਂ ਬਣਾ ਸਕੀ — ਜੇ ਇਹ ਕੁਝ ਹੋ ਸਕੇ ਤਾਂ ਸਾਡੀਆਂ ਔਖੀਆਂ ਸਮਸਿਆਵਾਂ ਆਪਣੇ ਆਪ ਹੀ ਹੱਲ ਹੋ ਸਕਦੀਆਂ ਹਨ।

ਦਿਨ ਲੰਘਦੇ ਗਏ — ਜੀਤਾਂ ਦੀ ਮਾਂ ਹੁਣ ਵੀ ਮੰਨਤਾਂ ਮੰਨਣ ਅਤੇ ਹਰ ਪੂਜਾ ਅਸਥਾਨ ਤੇ ਮੱਥਾ ਰਗੜਨ ਦੇ ਚੱਕਰ ਵਿਚ ਸੀ — "ਵਾਹਿਗੁਰੂ! ਤੂੰ ਜੀਤਾਂ ਤੇ ਬੜੀ ਕਿਰਪਾ ਕੀਤੀ ਹੈ — ਤੇਰੇ ਘਰੋਂ ਸਭ ਦਾਤਾਂ ਪਰਾਪਤ ਹੁੰਦੀਆਂ ਹਨ — ਜੇ ਇਸ ਵੇਰ ਜੀਤਾਂ ਨੂੰ ਕੋਈ ਮਿੱਠੀ ਦਾਤ ਬਖ਼ਸ਼ ਦੇਵੇਂ — —ਉਸ ਵਿਚਾਰੀ — ਹਾਂ ਉਸ ਵਿਚਾਰੀ ਦੀਆਂ ਜੜਾਂ ਲਗ ਜਾਣ —— ਓਹਦੇ ਘਰ ਦੀ ਵੇਲ ਵਧੇ — ਦਾਤਾ! ਜੇ ਤੂੰ ਮੇਰੀ ਸੁਣ ਲਵੇਂ ——ਮੈਂ ਪੰਜ ਮਸਿਆ ਇਸ਼ਨਾਨ ਕਰਾਂ —— ਮੈਂ ਪੰਜ ਪੁਨਿਆਂ ਤੇਰੇ ਦਰਬਾਰ ਦੇਗਾਂ ਲੈਕੇ ਹਾਜ਼ਰ ਹੋਵਾਂ —— ਕਿਤੇ ਨੇੜੇ ਹੋਕੇ ਸੁਣ ਲੈ ਗਰੀਬਨੀ ਦੀ ਅਰਜੋਈ ——"

ਇਕ ਦਿਨ ਸਵੇਰ ਤੋਂ ਹੀ ਜੀਤਾਂ ਦੀ ਤਬੀਅਤ ਕੁਝ ਠੀਕ ਨਹੀਂ ਸੀ — ਜੀਤਾਂ ਦੀ ਮਾਂ ਦਾ ਪੱਬ ਧਰਤੀ ਤੇ ਨਹੀਂ ਸੀ ਲਗਦਾ — ਉਸਦੇ ਚੇਹਰੇ ਤੇ ਚਿੰਤਾ ਫਿਕਰਾਂ ਦੇ ਪੜਛਾਵਨ ਵਿਚ ਲੁਕੀ ਕਿਸੇ ਲੁਕਵੀਂ ਖ਼ੁਸ਼ੀ ਦਾ ਝਲਕਾਰਾ ਵੀ ਦੇਖਿਆ ਜਾ ਸਕਦਾ ਸੀ।

"ਛੇਤੀ ਮੇਰੀ ਜੀਤਾਂ ਨੂੰ ਹਸਪਤਾਲ ਲੈ ਚੱਲੋ —— ਝੱਟ ਕਰੋ —— ਦੇਖੋ ਜੇ ਕੋਈ ਕਾਰ ਮਿਲ ਜਾਵੇ ਤਾਂ ——"

ਸਾਰੇ ਘਰ ਵਾਲਿਆਂ ਦੇ ਹਥਲੇ ਕੰਮ ਇਕ ਪਰਕਾਰ ਨਾਲ ਰੁਕ ਹੀ ਗਏ ਸਨ — ਜੀਤਾਂ ਦੇ ਬਾਪੂ ਜੀ ਇਕ ਕਾਰ ਲੈ ਆਏ — ਨਿੱਕੀਆਂ ਭੈਣਾਂ ਨੇ ਨੱਠ ਨੱਠ ਕੇ ਲੋੜੀਂਦੇ ਕਪੜੇ ਅਤੇ ਦੁਧ ਦੀ ਭਰੀ ਇਕ ਕੇਨੀ ਕਾਰ ਵਿਚ ਰੱਖ ਦਿਤੀ —— ਜੀਤਾਂ ਦੀ ਮਾਂ ਜੀਤਾਂ ਨੂੰ ਆਪਣੇ ਸਾਰੇ ਸਰੀਰ ਦਾ ਸਹਾਰਾ ਦੇਕੇ ਕਾਰ ਵਿਚ ਲੈ ਕੇ ਬੈਠ ਗਈ — ਹਸਪਤਾਲ ਬਹੁਤੀ ਦੂਰ ਨਹੀਂ ਸੀ — ਕਾਰ ਬਰਾਂਡੇ ਵਿਚ ਜਾ ਰੁਕੀ — ਜੀਤਾਂ ਨੂੰ ਬੈਡ ਮਿਲ ਗਿਆ — ਜੀਤਾਂ ਦੀ ਮਾਂ ਜੀਤਾਂ ਦੇ ਕੋਲ ਸੀ — ਉਸ ਦੇ ਬਾਪੂ ਜੀ ਬਾਹਰ ਲਾਅਨ ਵਿਚ ਇਕ ਬੈਂਚ ਉਪਰ ਬੈਠ ਗਏ।

ਸ਼ਾਮ ਨੂੰ ਰੋਟੀ ਵੀ ਪੁੱਜ ਗਈ ਅਤੇ ਦੁਧ ਵੀ — ਬਹੁਤੀ ਠੰਡ ਦੇ ਕਾਰਨ ਜੀਤਾਂ ਦੇ ਬਾਪੂ ਜੀ ਘਰ ਨੂੰ ਪਰਤ ਗਏ ਸਨ — ਜੀਤਾਂ ਤੇ ਉਸਦੀ ਮਾਂ ਹੁਣ ਦੋਵੇਂ ਹਸਪਤਾਲ ਰਹਿ ਗਈਆਂ — ਉਸ ਰਾਤ ਸ਼ਾਇਦ ਉਹ ਦੋਵੇਂ ਹੀ ਸੌਂ ਨਹੀਂ ਸਨ ਸਕੀਆਂ — ਜੀਤਾਂ ਦੀ ਚਿੰਤਾ ਵਿਚ ਉਸ ਦੀ ਮਾਂ ਦੀ ਅਖ ਨਹੀਂ ਸੀ ਲਗ ਰਹੀ — ਸਾਰੀ ਰਾਤ ਮਾਂ ਧੀ ਨੇ ਅੱਖਾਂ ਵਿਚ ਕੱਟ ਦਿਤੀ — ਅੱਜ ਐਤਵਾਰ ਸੀ — ਹਸਪਤਾਲ ਦਾ ਅਧਿਓਂ ਵਧ ਸਟਾਫ ਕਲ ਸ਼ਾਮ ਤੋਂ ਹੀ ਛੁੱਟੀ ਕਰ ਗਿਆ ਸੀ।

"ਮਾਂ ਜੀ! ਤੁਸੀਂ ਲੁਦਿਹਾਣੇ ਚਲੇ ਜਾਵੋ — ਸਾਡੀ ਗੱਡੀ ਤੁਹਾਨੂੰ ਉਥੇ ਪੁਚਾ ਦੇਵੇਗੀ" ਇਕ ਨਰਸ ਨੇ ਕਿਹਾ

"ਕਿਉਂ ਬੀਬੀ — ਸਾਨੂੰ ਤਾਂ ਇਥੇ ਹੀ ਠੀਕ ਸੀ — ਸਾਡਾ ਪਿੰਡ ਜੋ ਨੇੜੇ ਹੈ"

"ਇਹ ਤਾਂ ਠੀਕ ਹੈ ਮਾਂ ਜੀ! ਪਰ ਦੇਖੋ ਨਾ ਅੱਜ ਹੈ ਐਤਵਾਰ, ਕਿਸੇ ਡਾਕਟਰ ਡਾਕਟਰਨੀ ਨੇ ਇਥੇ ਆਉਣਾ ਨਹੀਂ — ਮੈਂ ਤਾਂ ਤੁਹਾਡੇ ਹੀ ਆਰਾਮ ਲਈ ਕਿਹਾ ਸੀ"

ਜੀਤਾਂ ਦੇ ਬਾਪੂ ਜੀ ਦੁਧ ਲੈ ਕੇ ਆ ਗਏ — ਜੀਤਾਂ ਦੀ ਮਾਂ ਨੇ ਕੰਨ ਵਿਚ ਕੁਝ ਕਿਹਾ — ਨਰਸ ਨੂੰ ਆਪਣਾ ਫੈਸਲਾ ਦਸ ਦਿਤਾ — ਹਸਪਤਾਲ ਦੀ ਗੱਡੀ ਉਹਨਾ ਨੂੰ ਲੁਦਿਹਾਣੇ ਵੱਡੇ ਹਸਪਤਾਲ ਲੈ ਆਈ — ਸ਼ਾਮ ਨੂੰ ਜੀਤਾਂ ਦੇ ਬਾਪੂ ਜੀ ਫੇਰ ਪਿੰਡ ਨੂੰ ਮੁੜ ਗਏ — ਇਥੇ ਜੀਤਾਂ ਨੂੰ ਨਰਸਾਂ ਨੇ ਆਪਣੀ ਦੇਖ ਭਾਲ ਵਿਚ ਰਖਿਆ ਅਤੇ ਨਾਂ ਨਾ ਕਹਿੰਦੀ ਜੀਤਾਂ ਦੀ ਮਾਂ ਨੂੰ ਬਾਹਰ ਬੈਠਣ ਲਈ ਕਿਹਾ ਗਿਆ — ਨਾਂ ਚਾਹੁੰਦੀ ਹੋਈ ਵੀ ਉਹ ਬਾਹਰ ਚਾਹ ਵਾਲੀ ਦੁਕਾਨ ਅੱਗੇ ਪਏ ਬੈਂਚ ਤੇ ਆ ਕੇ ਬੈਠ ਗਈ — ਆਸਮਾਨ ਕਾਲੇ ਬਦਲਾਂ ਨਾਲ ਭਰ ਗਿਆ ਅਤੇ ਹੌਲੀ ਹੌਲੀ ਬੂੰਦਾ ਬਾਂਦੀ ਵੀ ਹੋਣ ਲਗ ਪਈ — ਉਸ ਨੂੰ ਪਿਛਲੀ ਰਾਤ ਦਾ ਉਨੀਂਦਰਾ ਵੀ ਸੀ — ਬੈਂਚ ਤੇ ਬੈਠੀ ਨੀਂਦ ਟਾਲਣ ਲਈ ਉਹ ਵਾਰ ਵਾਰ ਚਾਹ ਦਾ ਸਹਾਰਾ ਲੈ ਰਹੀ ਸੀ — ਪਰ ਚਾਹ ਨਾਲੋਂ ਵਧ ਕੰਮ ਪੁਰੇ ਦੀ ਛੱਟ ਅਤੇ ਠੰਡੀਆਂ ਕਨੀਆਂ ਕਰ ਰਹੀਆਂ ਸਨ — ਭੱਠੀ ਦੀ ਅੱਗ ਅਤੇ ਚਾਹ ਦੀਆਂ ਘੁੱਟਾਂ ਪਾਲੇ ਨੂੰ ਪਰਾਂ ਧੱਕੇ ਮਾਰਣ ਦਾ ਨਿਰਬਲ ਜਿਹਾ ਯਤਨ ਕਰ ਰਹੀਆਂ ਸਨ — ਸੁਰਤੀ ਵੀ ਕਈ ਪਾਸਿਆਂ ਵਿਚ ਵੰਡੀ ਹੋਈ ਸੀ — ਘਰ ਵਿਚ ਕੁੜੀਆਂ ਇਕਲੀਆਂ ਸਨ ਦੂਜੇ ਪਾਸੇ ਧਿਆਨ ਜੀਤਾਂ ਵਲ ਸੀ — ਅਜ ਘੜੀ ਦੀਆਂ ਸੂਈਆਂ ਖਰਾਬ ਹੋ ਗਈਆਂ ਲਗਦੀਆਂ ਸਨ — ਇਹਨਾ ਦੀ ਚਾਲ ਅੱਧੀ ਤੋਂ ਵੀ ਅੱਧੀ ਰਹਿ ਗਈ ਜਾਪਦੀ ਸੀ — ਮਸਾਂ ਮਸਾਂ ਚਾਰ ਵੱਜੇ — ਚਾਹ ਦਾ ਇਕ ਹੋਰ ਕਪ ਪੀਤਾ ਗਿਆ — ਮੀਂਹ ਦੇ ਛਿਟਿਆਂ ਨੇ ਸਾਰੀ ਸ਼ਾਲ ਗਿੱਲੀ ਕਰ ਦਿਤੀ ਸੀ — ਸ਼ਾਲ ਨੂੰ ਭੱਠੀ ਅਗੇ ਸੇਕਿਆ — ਅਧ ਗਿੱਲੀ ਨੂੰ ਉਸੇ ਤਰਾਂ ਸਿਰ ਉਪਰ ਲਿਆ ਤੇ ਜੀਤਾਂ ਦੇ ਬੈਡ ਵਲ ਤੁਰ ਪਈ — ਹਾਲੇ ਬਰਾਂਡੇ ਵਿਚ ਹੀ ਸੀ ਕਿ ਨਰਸ ਦਰਵਾਜ਼ਾ ਖੋਲ੍ਹ ਕੇ ਬਾਹਰ ਆਗਈ — "ਮਾਂ ਜੀ! ਕੰਗਰੈਜੂਲੇਸ਼ਨਜ਼"

"ਬੀਬੀ ਤੁਹਾਨੂੰ ਵੀ"

"ਭਲਾ ਮਾਂ ਜੀ! ਮੈਂ ਕੀ ਕਿਹਾ ਹੈ - ਤੂੰ ਕੀ ਸਮਝੀ ਹੈਂ?" ਨਰਸ ਨੇ ਜੀਤਾਂ ਦੀ ਮਾਂ ਤੇ ਸਵਾਲ ਕੀਤਾ ਅਤੇ ਹਸਦੀ ਅੱਖਾਂ ਨਾਲ ਉਸ ਵਲ ਦੇਖਣ ਲਗੀ।

ਮੈਂ ਸਮਝ ਗਈ ਬੀਬੀ — ਮੇਰੇ ਦੋਹਤਾ ਹੋਇਆ ਹੈ — ਤੂੰ ਮੈਨੂੰ ਵਧਾਈ ਦਿਤੀ ਹੈ ——— ਮੈਂ ਪੜੀ ਨਹੀਂ —— ਮੇਰੀ ਧੀਆਂ ਤਾਂ ਬੀ ਆ ਪਾਸ ਨੇ" ਕਹਿ ਕੇ ਉਹ ਦਰਵਾਜ਼ਾ ਲੰਘ ਗਈ — ਉਸ ਨੇ ਜੀਤਾਂ ਵਲ ਦੇਖਿਆ — —ਫੇਰ ਝੱਟ ਹੀ ਕੋਲ ਪਏ ਪੰਘੂੜੇ ਵਲ —— ਦੋਹਤਾ ਚੁਕਿਆ —— ਮੱਥਾ ਚੁੰਮਿਆ —— ਨਾਨੀ ਦਾ ਪਿਆਰ ਦਿਤਾ —— ਉਸਦੇ ਆਪਣੇ ਮੂੰਹ ਤੇ ਖੇੜਾ ਹੀ ਖੇੜਾ ਸੀ — ਕਈ ਘੰਟੇ ਉਹ ਜੀਤਾਂ ਕੋਲ ਬੈਠੀ ਰਹੀ — ਨਿੱਕੇ ਜਹੇ ਪੁੰਗਾੜੇ ਨੂੰ ਕਦੇ ਪੰਘੂੜੇ ਵਿਚ ਪਾ ਦਿੰਦੀ ਕਦੇ ਫੇਰ ਚੁੱਕ ਲੈਂਦੀ — ਗਿੱਲੀ ਸ਼ਾਲ ਲਾਹ ਕੇ ਉਸ ਨੇ ਪਾਸੇ ਰੱਖ ਦਿਤੀ ਸੀ ਅਤੇ ਜੀਤਾਂ ਦੀ ਵਾਧੂ ਸ਼ਾਲ ਲੈ ਲਈ ਸੀ।

ਸਵੇਰ ਦੇ ਨੌਂ ਕੁ ਵਜੇ ਹੋਣਗੇ — ਜੀਤਾਂ ਦਾ ਸੌਹਰਾ ਵੀ ਜੀਤਾਂ ਨੂੰ ਦੇਖਣ ਹਸਪਤਾਲ ਆ ਗਿਆ — ਪਤਾ ਨਹੀਂ ਉਸਨੂੰ ਕਿਵੇਂ ਪਤਾ ਲਗ ਗਿਆ ਸੀ ਕਿ ਜੀਤਾਂ ਇਥੇ ਆਈ ਹੋਈ ਹੈ — ਜੀਤਾਂ ਦੀ ਮਾਂ ਨੇ ਦੂਰੋਂ ਹੀ ਉਸਨੂੰ ਦੇਖ ਲਿਆ

"————ਜੀ! ਬਹੁਤ ਬਹੁਤ ਵਧਾਈਆਂ"

"——ਤੁਹਾਨੂੰ ਵੀ ਜੀ"

ਜੀਤਾਂ ਦਾ ਸੌਹਰਾ ਹਾਲੇ ਚੰਗੀ ਤਰਾਂ ਖੜਾ ਵੀ ਨਹੀਂ ਸੀ ਹੋਇਆ — —ਜੀਤਾਂ ਦੀ ਮਾਂ ਨੇ ਨਿੱਕੇ ਜਹੇ ਹੱਡ ਮਾਸ ਦੇ ਲੋਥੜੇ ਜਹੇ ਨੂੰ ਉਸ ਦੀ ਝੋਲੀ ਵਿਚ ਪਾ ਦਿਤਾ —— ਜਿਵੇਂ ਸਾਰੀ ਦੁਨੀਆਂ ਦੀ ਖੁਸ਼ੀਆਂ ਨਾਲ ਉਸ ਦੀ ਝੋਲੀ ਭਰ ਦਿਤੀ ਹੋਵੇ।

ਜੀਤਾਂ ਦੇ ਸੌਹਰੇ ਦੀਆਂ ਰਗਾਂ ਵਿਚੋਂ ਆਵਾਜ਼ ਨਹੀਂ ਨਿਕਲ ਰਹੀ ਸੀ — ਪੂਰੇ ਪੱਚੀ ਵਰ੍ਹੇ ਮਗਰੋਂ ਉਸ ਦੇ ਘਰ ਜੋਤ ਜਗੀ ਸੀ।

ਜੀਤਾਂ ਦੀ ਮਾਂ ਇਕ ਵੇਰ ਫੇਰ ਮੀਂਹ ਵਿਚ ਭਿਜ ਗਈ ਜਦ ਉਹ ਚਾਹ ਦਾ ਇਕ ਕੱਪ ਲਿਆਉਣ ਲਈ ਫੇਰ ਭੱਠੀ ਤੇ ਗਈ — ਉਹ ਤੁਰ ਨਹੀਂ ਰਹੀ ਸੀ — ਦੌੜ ਵੀ ਨਹੀਂ ਰਹੀ ਸੀ —— ਉਹ ਉਡ ਰਹੀ ਸੀ —— ਉਹ ਅੱਜ "ਉਡਣ ਵਾਲੀ ਨਾਨੀ ਸੀ"।

ਵੈਨਕੂਵਰ ਸੱਥ ਦੇ ਪ੍ਰੋਗਰਾਮ ਤੇ ਪੜ੍ਹਿਆ ਗਿਆ ਸੁਨੇਹਾ

ਵੈਨਕੂਵਰ ਤੇ ਆਸ ਪਾਸ ਦੇ ਇਲਾਕਿਆਂ ਵਿਚ ਪੰਜਾਬੀਆਂ ਦੀ ਕੁੱਲ ਕਾਫੀ ਗਿਣਤੀ ਰਹਿ ਰਹੀ ਹੈ। ਭਾਵੇਂ ਹੋਰਨਾਂ ਲੋਕਾਂ ਵਾਂਗ ਪੰਜਾਬੀਆਂ ਦਾ ਵੀ ਇਥੇ ਆਉਣ ਦਾ ਕਾਰਨ ਆਰਥਿਕ ਹੈ ਤੇ ਲੋਕ ਆਪੋ ਆਪਣੀ ਰੋਜ਼ੀ ਕਮਾਉਣ ਦੇ ਆਹਰ ਵਿਚ ਆਪਣਾ ਬਹੁਤਾ ਸਮਾਂ ਲਾਉਂਦੇ ਹਨ ਪਰ ਫੇਰ ਵੀ ਉਹਨਾਂ ਨੂੰ ਪੂਰੀ ਮਾਨਸਿਕ ਤਸੱਲੀ ਉਦੋਂ ਹੀ ਹੁੰਦੀ ਹੈ ਜਦੋਂ ਉਹ ਆਪਣੇ ਲੋਕਾਂ ਵਿਚ ਬਹਿ ਆਪਣੀ ਬੋਲੀ ਵਿਚ ਗੱਪਛੱਪ ਮਾਰ ਰਹੇ ਹੋਣ। ਜਿਸ ਸਭਿਆਚਾਰ ਵਿਚ ਬੰਦਾ ਆਪਣਾ ਬਚਪਨ ਬਿਤਾਉਂਦਾ ਹੈ ਤੇ ਮਾਂ ਬੋਲੀ ਹਮੇਸ਼ਾਂ ਬੰਦੇ ਦੇ ਜੀਵਨ ਦਾ ਅਟੁੱਟ ਅੰਗ ਰਹਿੰਦੇ ਹਨ ਭਾਵੇਂ ਉਹ ਬੰਦਾ ਦੁਨੀਆਂ ਦੇ ਕਿਸੇ ਹਿੱਸੇ ਵਿਚ ਜਾ ਕੇ ਵਸਣਾ ਸ਼ੁਰੂ ਕਰ ਦੇਵੇ। ਤੇ ਜਦੋਂ ਇਕ ਬੋਲੀ ਬੋਲਣ ਵਾਲੇ ਤੇ ਸਾਂਝੇ ਸਭਿਆਚਾਰ ਵਾਲੇ ਲੋਕ ਇਕ ਥਾਂ ਤੋਂ ਦੂਜੀ ਥਾਂ ਜਾ ਕੇ ਵੱਸਣਾ ਸ਼ੁਰੂ ਕਰ ਦੇਣ ਉਹ ਹਮੇਸ਼ਾਂ ਆਪਣੇ ਵਿਰਸੇ ਨੂੰ ਸਾਂਭਣ ਲਈ ਆਪਣਾ ਪੂਰਾ ਯਤਨ ਕਰਦੇ ਹਨ।

ਜਿਵੇਂ ਕਿ ਆਪਾਂ ਦੇਖਦੇ ਹਾਂ ਕਿ ਦੂਜੇ ਲੋਕਾਂ ਵਾਂਗ ਇਥੇ ਪੰਜਾਬੀਆਂ ਦੀਆਂ ਵੀ ਹਰ ਕਿਸਮ ਦੀਆਂ ਸਭਿਆਚਾਰ ਸਿਆਸੀ, ਧਾਰਮਿਕ ਤੇ ਸਾਹਿਤਕ ਸਰਗਰਮੀਆਂ ਹੁੰਦੀਆਂ ਰਹਿੰਦੀਆਂ ਹਨ। ਇਹਨਾਂ ਸਰਗਰਮੀਆਂ ਦੀ ਤੋਰ ਲਗਾਤਾਰ ਜਾਰੀ ਰਹਿੰਦੀ ਹੈ ਭਾਵੇਂ ਇਹਦੇ ਵਿਚ ਸੰਸਥਾਵਾਂ ਦੀ ਤੇ ਸੰਸਥਾਵਾਂ ਵਿਚ ਕੰਮ ਕਰਦੇ ਵਿਅਕਤੀਆਂ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਨਵਾਂ ਵਿਅਕਤੀ ਸਰਗਰਮੀ ਨਾਲ ਹਿਸਾ ਸ਼ੁਰੂ ਕਰਦੇ ਹਨ ਪੁਰਾਣੇ ਆਪੋ ਆਪਣੇ ਕਾਰਨਾਂ ਕਰਕੇ ਘੱਟ ਸਰਗਰਮ ਹੋ ਜਾਂਦੇ ਹਨ। ਇਸੇ ਤਰ੍ਹਾਂ ਕਈ ਜਥੇਬੰਦੀਆਂ ਘੱਟ ਸਰਗਰਮ ਹੋ ਜਾਂਦੀਆਂ ਹਨ ਤੇ ਹੋਰ ਨਵੀਆਂ ਜਨਮ ਲੈਂਦੀਆਂ ਹਨ। ਵੈਨਕੂਵਰ ਸੱਥ ਵੀ ਕਿਸੇ ਤੋਰ ਦਾ ਇਕ ਹਿਸਾ ਹੈ। ਨਾ ਤਾਂ ਇਹ ਇਥੋਂ ਦੀ ਪੰਜਾਬੀ ਕਮਿਉਨਿਟੀ ਵਿਚ ਬਣੀ ਕੋਈ ਪਹਿਲੀ ਸੰਸਥਾ ਹੈ ਤੇ ਨਾ ਹੀ ਇਹ ਆਖਰੀ ਹੋਵੇਗੀ। ਕਈ ਹੋਰ ਸੰਸਥਾਵਾਂ ਵਾਂਗ ਸਾਡਾ ਵੀ ਇਹ ਟੀਚਾ ਹੈ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਲਈ ਕੁਝ ਵਧੀਆਂ ਕੀਤਾ ਜਾਵੇ, ਲੋਕਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਬਾਰੇ ਸੋਚਿਆ ਜਾਵੇ ਤੇ ਹੱਲ ਦੀ ਤਲਾਸ਼ ਕੀਤੀ ਜਾਵੇ। ਸੱਥ ਜੇ ਕਿਸੇ ਤਰ੍ਹਾਂ ਵੱਖਰੀ ਹੈ ਤਾਂ ਸਿਰਫ ਇਸ ਪੱਖੋਂ ਕਿ ਇਹ ਸਿਰਫ ਇਕ ਸਭਿਆਚਾਰਕ, ਸਾਹਿਤਕ ਜਾਂ ਸਿਆਸੀ ਸੰਸਥਾ ਨਹੀਂ ਸਗੋਂ ਇਹ ਇਹਨਾਂ ਸਾਰੀਆਂ ਚੀਜ਼ਾਂ ਦਾ ਸੁਮੇਲ ਹੈ। ਦੂਜੀ ਵੱਖਰੀ ਗੱਲ ਸ਼ਾਇਦ ਇਸਦੇ ਢਾਂਚੇ ਦੀ ਹੈ। ਇਸ ਵਿਚ ਕੋਈ ਅਹੁਦੇਦਾਰੀ ਦਾ ਢਾਂਚਾ ਨਹੀਂ। ਕੋਈ ਪ੍ਰਧਾਨ, ਉਪ ਪ੍ਰਧਾਨ, ਚੇਅਰਮੈਨ ਜਾਂ ਸੈਕਟਰੀ ਬਗੈਰਾ ਨਹੀਂ। ਸਾਰੇ ਮੈਂਬਰ ਇਕੋ ਜਿਹਾ ਦਰਜਾ ਰੱਖਦੇ ਹਨ ਤੇ ਆਪੋ ਆਪਣੀ ਵਿਤ ਮੁਤਾਬਕ ਈਮਾਨਦਾਰੀ ਨਾਲ ਆਪਣਾ ਯੋਗਦਾਨ ਪਾਉਂਦੇ ਹਨ।

ਵੈਨਕੂਵਰ ਸੱਥ ਵਲੋਂ ਇਹ ਪਹਿਲਾ ਪਬਲਿਕ ਫੰਕਸ਼ਨ ਹੈ ਉਂਝ ਸੱਥ ਹੋਂਦ ਵਿਚ ਭਾਵੇਂ ਕੁਝ ਦੇਰ ਪਹਿਲਾਂ ਦੀ ਆ ਚੁਕੀ ਹੈ। ਇਸ ਮੌਕੇ ਤੇ ਅਸੀਂ ਹੋਰ ਸੰਸਥਾਵਾਂ ਪ੍ਰਤੀ ਆਪਣਾ ਰਵੱਈਆ ਸਾਫ ਕਰ ਦੇਣਾ ਚਾਹੁੰਦੇ ਹਾਂ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਵੈਨਕੂਵਰ ਸੱਥ ਕਿਸੇ ਹੋਰ ਸੰਸਥਾ ਦੇ ਮੁਕਾਬਲੇ ਤੇ ਨਹੀਂ ਖੜੀ ਕੀਤੀ ਗਈ ਤੇ ਨਾ ਹੀ ਅਸੀਂ ਕੋਈ ਕੰਮ ਕਿਸੇ ਹੋਰ ਦੇ ਮੁਕਾਬਲੇ ਤੇ ਕਰਨ ਦੀ ਨੀਤ ਰੱਖਦੇ ਹਾਂ। ਅਸੀਂ ਆਪਣੀ ਵਿਤ ਮੁਤਾਬਕ ਆਪਣੀ ਸਮਝ ਮੁਤਾਬਕ ਆਪਣੀਆਂ ਸਰਗਰਮੀਆਂ ਕਰਦੇ ਹਾਂ ਦੂਜੇ ਘੱਟ ਕਰਦੇ ਹਨ ਵੱਧ ਕਰਦੇ ਹਨ ਇਹਦੇ ਨਾਲ ਸਾਡੀ ਚਾਲ ਤੇ ਕੋਈ ਅਸਰ ਨਹੀਂ ਪੈਂਦਾ। ਵਧੀਆ ਕੰਮ ਕਰ ਰਹੀਆਂ ਸੰਸਥਾਵਾਂ ਤੋਂ ਅਸੀਂ ਸਹਿਯੋਗ ਦੀ ਆਸ ਰੱਖਦੇ ਹਾਂ ਤੇ ਉਹਨਾਂ ਨੂੰ ਸਹਿਯੋਗ ਦੇਣ ਦੀ ਆਸ ਦੁਆਉਂਦੇ ਹਾਂ।

ਅੱਜ ਵਾਲੇ ਦੋ ਡਰਾਮੇ ਤਿਆਰ ਕਰਨ ਤੋਂ ਪਹਿਲਾਂ ਸੱਥ ਦੀ ਮੁਖ ਗਤੀਵਿਧੀ ਲੇਖ ਲਿਖਣ ਦੀ ਰਹੀ ਹੈ। ਸੱਥ ਨੇ ਹੁਣ ਤੱਕ ਤਿੰਨ ਚਾਰ ਲੇਖ ਲਿਖੇ ਹਨ ਤੇ ਦੋ ਕੁ ਉਪਰ ਇਸ ਵਕਤ ਕੰਮ ਕੀਤਾ ਜਾ ਰਿਹਾ ਹੈ। ਪਹਿਲਾ ਲੇਖ 'ਪੰਜਾਬੀਆਂ ਦਾ ਮਨੋਰੰਜਨ ਤੇ ਵੀਡੀਓ' ਇਥੇ ਵਤਨੋਂ ਦੂਰ ਤੇ ਕੈਨੇਡਾ ਦਰਪਣ ਵਿਚ ਛਪਿਆ ਸੀ। ਦੂਜਾ ਲੇਖ 'ਪੰਜਾਬੀ ਆਵਾਸੀ ਤੇ ਉਹਨਾਂ ਨੂੰ ਮਿਲਦੇ ਕੰਮ' ਪਹਿਲਾਂ ਅੰਮ੍ਰਿਤਸਰ ਤੋਂ ਨਿਕਲਦੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਪਰਚੇ 'ਸਮਤਾ' ਵਿਚ ਤੇ ਪਿਛੋਂ ਇਥੇ ਵਤਨੋਂ ਦੂਰ ਤੇ ਕੈਨੇਡਾ ਦਰਪਣ ਵਿਚ ਛਪਿਆ ਹੈ। ਜ਼ਬਾਨੀ ਕਲਾਮੀ ਬਹੁਤ ਸਾਰੇ ਦੋਸਤਾਂ ਨੇ ਇਹਨਾਂ ਲੇਖਾਂ ਬਾਰੇ ਸਾਡੇ ਨਾਲ ਵਿਚਾਰ ਸਾਂਝੇ ਕੀਤੇ ਹਨ ਪਰ ਲਿਖਤੀ ਤੌਰ ਤੇ ਕੋਈ ਇੰਨੇ comment ਨਹੀਂ ਆਏ। ਅਸੀਂ ਮਹਿਸੂਸ ਕਰਦੇ ਹਾਂ ਕਿ ਇਹੋ ਜਿਹੇ ਲੇਖਾਂ ਤੇ ਕਮਿਉਨਿਟੀ ਦੇ ਹੋਰ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਲਈ ਕੋਈ ਸਾਂਝਾ ਫੋਰਮ ਹੋਣਾ ਚਾਹੀਦਾ ਹੈ ਜਿਥੇ ਵੱਖੋ ਵਖਰੇ ਖਿਆਲਾਂ ਦੇ ਲੋਕ ਮਿਲ ਕੇ ਸਾਂਝੇ ਮਸਲਿਆਂ ਬਾਰੇ ਵਿਚਾਰ ਵਿਟਾਂਦਰਾ ਕਰ ਸਕਣ। ਜੇ ਸਾਨੂੰ ਯੋਗ ਸਹਿਯੋਗ ਮਿਲਿਆ ਤਾਂ ਅਸੀਂ ਕੋਸ਼ਿਸ਼ ਕਰਾਂਗੇ ਕਿ ਵੈਨਕੂਵਰ ਸੱਥ ਵਲੋਂ ਇਹ ਫੋਰਮ ਪੇਸ਼ ਕੀਤਾ ਜਾਵੇ ਤੇ ਇਹਨਾਂ ਮਸਲਿਆਂ ਉਤੇ ਸੈਮੀਨਾਰ ਬਗੈਰਾ ਰੱਖੇ ਜਾਣ। ਇਸ ਤੋਂ ਬਿਨਾਂ ਵੈਨਕੂਵਰ ਸੱਥ ਦੇ ਮੈਂਬਰ ਕੋਸ਼ਿਸ਼ ਕਰ ਰਹੇ ਹਨ ਕਿ ਇਹ ਸਾਹਿਤਕ ਤੇ ਸਭਿਆਚਾਰਕ ਫੰਕਸ਼ਨਾਂ ਨੂੰ ਲਗਾਤਾਰ ਜਾਰੀ ਰੱਖਿਆ ਜਾਵੇ। ਕੋਸ਼ਿਸ਼ ਰਹੇਗੀ ਕਿ ਅਗਾਂਹ ਨੂੰ ਜਿਹੜੇ ਡਰਾਮੇ ਕੀਤੇ ਜਾਣ

(ਬਾਕੀ ਪੰਨਾ/ ਤੇ)

ਸ ਭਿ ਆ ਚਾ ਰ ਦ ਰ ਪ ਣ

ਪੰਜਾਬ ਦਾ ਗਾਇਕ — ਗੁਰਦਾਸ ਮਾਨ

ਪਰ੍ਹਿਆਂ ਸੱਥਾਂ ਤੋਂ ਲੈ ਕੇ ਟੀ. ਵੀ. ਤਕ ਦਾ ਸਫਰ

ਮਾਲਵੇ ਦਾ ਜੰਮਪਲ ਗੱਭਰੂ ਹਲਵਾਹਕ ਪਿਉ ਦਾ ਪੁੱਤਰ ਗੁਰਦਾਸ ਮਾਨ ਜ਼ਿਲਾ ਫਰੀਦਕੋਟ? ਦੇ ਪ੍ਰਸਿੱਧ ਪਿੰਡ ਗਿੱਦੜਬਾਹਾ ਦਾ ਵਸਨੀਕ ਹੈ। ਦਸਵੀਂ ਪੱਧਰ ਦੀ ਮੁੱਢਲੀ ਵਿਦਿਆ ਉਸਨੇ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ। ਪੇਂਡੂ ਜੱਟ ਘਰਾਣੇ ਨਾਲ ਸੰਬੰਧਤ ਹੋਣ ਕਰਕੇ ਜਿਥੇ ਖੇਡਾਂ ਦਾ ਸ਼ੌਕ ਉਸਨੂੰ ਵਿਰਸੇ ਵਿਚੋਂ ਮਿਲਿਆ ਉਥੇ ਪੰਜਾਬ ਦਾ ਲੋਕ ਨਾਚ ਭੰਗੜਾ ਅਤੇ ਲੋਕ ਗਾਇਕੀ ਦੀ ਚੇਟਕ ਉਸਨੂੰ ਸਕੂਲ ਵਿਚ ਹੀ ਲਗ ਗਈ। ਸਕੂਲ ਵਜੋਂ ਆਯੋਜਿਤ ਕੀਤੇ ਜਾਂਦੇ ਸਭਿਆਚਾਰਕ ਅਤੇ ਰੰਗਾਰੰਗ ਪ੍ਰੋਗਰਾਮਾਂ ਨੂੰ ਉਸ ਦੀਆਂ ਕਲਾਤਮਕ ਰੁਚੀਆਂ ਵਿਕਸਤ ਹੋਣ ਵਿਚ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਸਭ ਤੋਂ ਪਹਿਲਾਂ ਉਸਨੇ ਉਸ ਵੇਲੇ ਦੀਆਂ ਪ੍ਰਚੱਲਤ ਲੋਕ ਗਾਥਾਵਾਂ ਦੇ ਆਧਾਰ ਤੇ ਚੋਣਵੇਂ ਕਿੱਸਿਆਂ, ਜਿਵੇਂ ਜ਼ਿੰਦਗੀ ਬਿਲਾਸ ਰਚਿਤ ਸਾਧੂ ਦੀਆਂ ਆਰਿਫ ਅਤੇ ਜਾਨੀ ਚੋਰ ਆਦਿ ਵਿਚੋਂ ਕੋਰੜੇ ਛੰਦ, ਬੈਂਤ ਅਤੇ ਸਵੱਈਏ ਗਾ ਸਕਣ ਦੀ ਮੁਹਾਰਤ ਹਾਸਲ ਕਰ ਲਈ। ਇਸ ਤਰ੍ਹਾਂ ਹੌਲੀ ਹੌਲੀ ਮਾਨ ਪਿੰਡ ਦੀਆਂ ਪਰ੍ਹਿਆਂ ਸੱਥਾ ਅਤੇ ਖੁੰਢਾਂ ਦਾ ਸ਼ਿਗਾਰ ਬਣਦਾ ਗਿਆ। ਕੱਚ ਘਰੜ ਅਤੇ ਉਮਰ ਦੇ ਵਿਹਲਤ ਮਨੁਖ ਉਸ ਤੋਂ ਕੋਈ ਨਾ ਕੋਈ ਤੁਕ ਬੰਦੀ ਸੁਣਨ ਲਈ ਉਤਾਵਲੇ ਰਹਿੰਦੇ। ਉਸ ਦੇ ਪਿੰਡ ਦੇ ਤੇਜਾ ਨੇ ਉਸਦਾ ਸਹਾਇਕ ਬਣ ਕੇ ਪੂਰਾ ਪੂਰਾ ਸਾਥ ਦਿੱਤਾ।

ਮਾਨ ਦੇ ਕਥਨ ਅਨੁਸਾਰ ਪੰਜਾਬ ਦੇ ਮਸ਼ਹੂਰ ਕਵੀਸ਼ਰ ਸ: ਕਰਨੈਲ ਸਿੰਘ ਰਾਮੂਵਾਲੀਆ ਦੀ ਕਵੀਸ਼ਰੀ ਅਤੇ ਕਲਾ ਤੋਂ ਉਹ ਬੇਹੱਦ ਪ੍ਰਭਾਵਿਤ ਹੋਇਆ। ਉਸ ਦੇ ਰਿਕਾਰਡ ਬੰਦਾਂ 'ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ' ਆਦਿ ਨੂੰ ਉਹ ਗਲੀਆਂ, ਮੁਹੱਲਿਆਂ ਅਤੇ ਹਮ ਉਮਰਾ ਦੀ ਢਾਣੀ ਵਿਚ ਗੁਣਗੁਣਾਉਂਦਾ ਰਹਿੰਦਾ। ਉਸਦੇ ਅਚੇਤ ਮਨ ਵਿਚ ਇਸ ਕਲਾ ਨੂੰ ਵਿਸ਼ਾਲ ਘੇਰੇ ਤਕ ਲੈ ਜਾਣ ਦੀ ਸੱਧਰ ਪੈਦਾ ਹੋ ਗਈ। ਇਕ ਵਾਰੀ ਗਿੱਦੜਬਾਹਾ ਦੀ ਰਾਮ ਲੀਲਾ ਦੀ ਸਟੇਜ ਤੇ ਲੋਕਾਂ ਦੇ ਵੱਡੇ ਹਜੂਮ ਵਿਚ ਉਸਦੇ ਦੋ ਕੁ ਗੀਤਾਂ 'ਰੁਖੀ ਰੋਟੀ ਛੱਪੜ ਦਾ ਪਾਣੀ, ਜੱਟਾ ਤੇਰੀ ਜੂਨ ਬੁਰੀ' ਅਤੇ 'ਪੀਪਾ ਚੁਕ ਕੇ ਟੁਰੀਂ ਕਿਰਸਾਨਾ ਨਰਮੇ ਨੂੰ ਖਾ ਗੀ ਆਣ ਵੇ' ਦੀ ਸਫਲਤਾ ਪੂਰਵਕ ਪੇਸ਼ਕਾਰੀ ਦੀ ਲੋਕਾਂ ਵਲੋਂ ਬਹੁਤ ਪ੍ਰਸੰਸਾ ਕੀਤੀ ਗਈ। ਉਸਦੀ ਸਾਹਿਤਕ ਤੇ ਸੰਗੀਤ ਕਲਾ ਦੀ ਇਹ ਸ਼ੁਰੂਆਤ ਸੀ ਅਤੇ ਚੰਗਾ ਮੁਢ ਬੱਝ ਚੁਕਾ ਸੀ।

1970 ਵਿਚ ਪੰਜਾਬ ਯੂਨੀਵਰਸਿਟੀ ਵਲੋਂ ਕਰਵਾਏ ਯੂਥ ਫੈਸਟੀਵਲ ਵਿਚ ਨੈਸ਼ਨਲ ਕਾਲਜ ਮਲੋਟ ਵਲੋਂ ਪ੍ਰਤੀਨਿਧਤਾ ਕਰਕੇ ਕਵਿਤਾ ਮੁਕਾਬਲੇ ਵਿਚ ਦੂਜਾ ਅਸਥਾਨ ਪ੍ਰਾਪਤ ਕੀਤਾ ਅਤੇ ਕਾਲਜ ਦੀ ਪ੍ਰਸਿੱਧੀ ਵਿਚ ਚਾਰ ਚੰਨ ਲਾਏ। ਇਸ ਉਤਸ਼ਾਹ ਨਾਲ ਉਸਦੀ ਕਲਾ ਹੋਰ ਵੀ ਪਰਫੁਲਤ ਹੁੰਦੀ ਗਈ। ਉਹ ਸਾਧਾਰਣ ਵਰਗ ਦੇ ਪੇਂਡੂ ਜਨ ਜੀਵਨ ਵਿਚ ਨਿਤਾ ਪ੍ਰਤੀ ਪਤੀ ਪਤਨੀ ਦੇ ਆਪਸੀ ਨਿਹੋਰੇ ਗੁਸੇਵੇਂ ਅਤੇ ਸ਼ਿਕਵੇ ਅਕਸਰ ਦੇਖਦਾ ਰਹਿੰਦਾ। ਇਸ ਤਰ੍ਹਾਂ ਉਸਨੇ ਇਸ ਸੰਬੰਧ ਵਿਚ ਇਕ ਦੋ ਗਾਣੇ ਲਿਖ ਕੇ ਕਲਮ ਅਜਮਾਈ ਕਰਨ ਦਾ ਸਫਲ ਯਤਨ ਕੀਤਾ।


ਮੈਂ ਕਾਲਣ ਹੋ ਜੂੰਗੀ
ਕਾਲੀਆ ਤੇਰਿਆਂ ਦੁੱਖਾਂ ਦੀ ਮਾਰੀ।
ਤੂੰ ਕਾਲਣ ਨਾ ਬਣਨਾ ਨੀ
ਮੈਂ ਹੱਥ ਜੋੜਾਂ ਲੱਖ ਵਾਰੀ।

ਮਾਨ ਦੀ ਜ਼ਿੰਦਗੀ ਦਾ ਰੁਖ ਹੁਣ ਵਿਦਿਆ ਦੇ ਕੇਂਦਰ ਕਲਾ ਦੇ ਸੁਨਹਿਰੀ ਮੰਦਰ ਅਤੇ ਮਹਾਰਾਜਿਆਂ ਦੇ ਸ਼ਹਿਰ ਪਟਿਆਲਾ ਨੂੰ ਮੁੜਿਆ ਜਿਥੋਂ ਮਾਸਟਰ ਆਫ ਫਿਜ਼ੀਕਲ ਐਜੂਕੇਸ਼ਨ ਦੀ ਡਿਗਰੀ ਪ੍ਰਾਪਤ ਕਰ ਲਈ ਉਸਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਜਿਮਨਾਸਟਿਕ ਦੀ ਟੀਮ ਦੀ ਕਪਤਾਨੀ ਕਰਕੇ ਇਕ ਚੰਗੇ ਖਿਡਾਰੀ ਵਜੋਂ ਖੇਡ ਵਿਦਿਆ ਵਿਚ ਚੋਖਾ ਯੋਗਦਾਨ ਪਾਇਆ। ਇਸ ਤੋਂ ਪਹਿਲਾਂ 1974 ਵਿਚ ਬੰਬਈ, ਉਜੈਨ ਤੇ ਦਿੱਲੀ ਵਿਖੇ ਆਪਣੇ ਜਿਮਨਾਸਟਿਕ ਦੇ ਜੌਹਰ ਵਿਖਾ ਕੇ ਚੰਗਾ ਨਾਮਣਾ ਖੱਟਿਆ। 1979 ਵਿਚ ਉਸਨੇ ਹੈਦਰਾਬਾਦ ਵਿਖੇ ਜੈਪਨੀਜ਼ ਗੇਮ ਜੂਪੋ ਦੀ ਨੈਸ਼ਨਲ ਚੈਂਪੀਅਨਸ਼ਿਪ ਵਿਚ ਭਾਗ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਜ਼ਿੰਦਗੀ ਦੇ ਹਰ ਖੇਤਰ ਵਿਚ ਸਫਲਤਾ ਉਸਦੇ ਪੈਰ ਚੁੰਮਦੀ ਰਹੀ।

ਇਤਨੀ ਕਰੜੀ ਤਪਸਿਆ ਦੇ ਬਾਵਜੂਦ ਉਸਦੀ ਕਲਾ ਵਿਚ ਨਿਖਾਰ ਆਉਂਦਾ ਗਿਆ ਅਤੇ ਸੰਗੀਤ ਦੀ ਲਟਕ ਵਧਦੀ ਗਈ। ਵਿਹਲੇ ਸਮੇਂ ਵਿਚ ਆਪਣੇ ਬੇਲੀਆਂ ਦੇ ਇਕੱਠ ਵਿਚ ਉਹਨਾਂ ਦੇ ਮਨ ਪਰਚਾਵੇ ਲਈ ਮਹਿਫਲਾਂ ਲਗਾ ਬਹਿੰਦਾ। ਦਿਨੀਂ, ਮਹੀਨਿਆਂ ਅਤੇ ਸਾਲਾਂ ਵਿਚ ਹੀ ਉਸਦੀ ਕਲਾ ਸ਼ਿਖਰਾਂ ਨੂੰ ਛੂਹਣ ਲਗ ਪਈ। ਉਸਦੀ ਕਲਮ ਕਿਸੇ ਦੀਆਂ ਪੀੜਾਂ ਦਾ ਪਰਾਗਾ ਲੈ ਕੇ ਗਮਾਂ ਦੇ ਕਾਗਜ਼ ਤੇ ਮੋਤੀਆਂ ਵਰਗੇ ਹੰਝੂ ਵਹਾਉਣ ਲਗ ਪਈ।

ਸੱਜਣਾ ਵੇ ਸੱਜਣਾ ਤੇਰੇ ਸ਼ਹਿਰ ਵਾਲੀ
ਸਾਨੂੰ ਕਿੰਨੀ ਸੁਹਣੀ ਲਗਦੀ ਦੁਪਹਿਰ
ਫੇਰ ਵੀ ਪਤਾ ਨਹੀਂ ਕਾਹ ਤੋਂ ਮੋਹ ਆਈ ਜਾਵੇ
ਸਾਨੂੰ ਭਾਵੇਂ ਸਾਡੇ ਸੜ ਗਏ ਨੇ ਪੈਰ।

ਕਿਸੇ ਮਹਿਰਮ ਦੀ ਪਿਆਰ ਵਿਚ ਖਿਚ ਜਾਂ ਸੱਜਣਾਂ ਮਿਤਰਾਂ ਦੇ ਵਿਛੜਨ ਦਾ ਦਰਦ ਉਸਦੇ ਸੀਨੇ ਵਿਚ ਉਬਲਦੇ ਅਰਮਾਨਾਂ ਨੂੰ ਦਬੋਚ



ਗੁਰਦਾਸ ਮਾਨ

ਨਹੀਂ ਸਕਿਆ। ਇਸੇ ਕਰਕੇ ਉਸਦੀ ਕਲਮ ਦਾ ਆਪ ਮੁਹਾਰੇ ਫੁੱਟ ਪੈਣਾ ਸੁਭਾਵਿਕ ਹੈ। ਅਸਲ 'ਚ ਕਿਸੇ ਕਲਾਕਾਰ ਜਾਂ ਸਾਹਿਤਕਾਰ ਦੀ ਫਿਤਰਤ ਹੈ ਕਿਸੇ ਦੀ ਨਿਘੀ ਯਾਦ ਦਾ ਲਾਵਾ ਭਾਂਬੜ ਬਣ ਉਠਿਆ।

'ਸ਼ਹਿਰ ਤੇਰੇ ਦਾ ਕਰ ਕਰ ਚੇਤਾ
ਅਸੀਂ ਹੰਝੂ ਭਰ ਭਰ ਰੋਏ
ਜਿਹੜੀ ਗਲੀ ਮੇਰਾ ਯਾਰ ਖੇਡਦਾ
ਅਸੀਂ ਉਸ ਗਲੀ ਵਿਚ ਮੋਏ।'

ਮਾਨ ਕਿਸੇ ਪ੍ਰੇਮ ਕਹਾਣੀ ਦੀ ਪੀਢੀ ਗੰਢ ਖੋਹਲਣ ਵਾਸਤੇ ਗਮ ਵਿਚ ਵਿਛੜੇ ਬੋਲਾਂ ਨੂੰ ਕਲਮ ਬਧ ਕਰਨ ਦਾ ਯਤਨ ਕਰਦਾ:

'ਓ ਜਾਣ ਵਾਲੇ ਅਲਵਿਦਾ ਕਿਦਾਂ ਕਰਾਂਗਾ ਮੈਂ।
ਮਾਨਾਂ ਦਿਲਾਂ ਦੀ ਸੇਜ ਤੇ ਪੱਥਰ ਧਰਾਂਗਾ ਮੈਂ।

ਆਪਣੀ ਖੇਡ ਵਿਦਿਆ ਪੂਰੀ ਕਰਨ ਉਪਰੰਤ ਗੌਰਮਿੰਟ ਗਰਲਜ਼ ਹਾਈ ਸਕੂਲ ਡੇਰਾ ਬਸੀ ਤੇ ਗੌਰਮਿੰਟ ਗਰਲਜ਼ ਸਕੂਲ ਮੁਕਤਸਰ ਵਿਖੇ ਕੁਝ ਸਮਾਂ ਪੰਜਾਬ ਸਰਕਾਰ ਦੀ ਸੇਵਾ ਕਰਨ ਦਾ ਮੌਕਾ ਮਿਲ ਗਿਆ। ਏਸੇ ਸਮੇਂ ਦੌਰਾਨ ਉਸਨੇ 'ਸੁਰਖ ਗੁਲਾਬ ਦੀ ਬੇਟੀ' ਵਿਚ ਹਿਸਾ ਲੈ ਕੇ ਪੰਜਾਬੀ ਯੂਨੀਵਰਸਿਟੀ ਦੇ ਮੂੰਹ ਤੇ ਧੁਮਾਂ ਪਾ ਦਿੱਤੀਆਂ। ਦਰਸ਼ਕ ਉਸਦੀ ਕਲਾ ਵੇਖ ਕੇ ਅਸ਼ ਅਸ਼ ਕਰ ਉਠਦੇ। ਫਿਰ ਵੀ ਉਸ ਨੂੰ ਸਰਕਾਰੀ ਨੌਕਰੀ ਰਾਸ ਨਾ ਆਈ ਅਤੇ ਪੰਜਾਬ ਕਲਾ ਮੰਚ ਵਿਚ ਸ਼ਾਮਲ ਹੋ ਕੇ ਕੋਈ ਪੰਜ ਮਹੀਨੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦਾ ਰਿਹਾ। ਰੰਗਮੰਚ ਦੀ ਦੁਨੀਆਂ ਦੇ ਪ੍ਰਸਿੱਧ ਕਲਾਕਾਰ ਅਤੇ ਨਿਰਦੇਸ਼ਕ ਸ੍ਰੀ ਹਰਪਾਲ ਟਿਵਾਣਾ ਦੇ ਨਿਰਦੇਸ਼ਨ ਦੇ ਹੇਠ ਖੇਡੇ, ਡਾ: ਹਰਚਰਨ ਸਿੰਘ ਰਚਿਤ ਨਾਟਕ 'ਹਿੰਦ ਦੀ ਚਾਦਰ' ਵਿਚ ਇਕ ਸੂਫੀ ਦੀ ਭੂਮਿਕਾ ਨਿਭਾ ਕੇ ਆਪਣੇ ਕਿਰਦਾਰ ਨਾਲ ਇਨਸਾਫ ਕਰਨ ਵਿਚ ਪੂਰੀ ਯੋਗਤਾ ਨਾਲ ਕਾਮਯਾਬ ਹੋ ਗਿਆ।

ਅਸਲ ਵਿਚ ਮਾਨ ਬਹੁ-ਪੱਖੀ ਕਲਾਕਾਰ ਹੈ। ਜਿਉਂ ਜਿਉਂ ਉਸਦੀ ਕਲਾ ਚਮਕਦੀ ਗਈ, ਤਿਉਂ ਤਿਉਂ ਉਹ ਸਰੋਤਿਆਂ ਦੇ ਮਨ ਵਿਚ ਵਸਦਾ ਗਿਆ। ਉਸਦੀ ਆਵਾਜ਼ ਅਤੇ ਸਰੀਰ ਦੀ ਲਚਕ ਦਰਸ਼ਕਾਂ ਨੂੰ ਮੋਹ ਲੈਣ ਦੀ ਸਮਰਥਾ ਰਖਦੀ ਇਹੋ ਕਾਰਣ ਹੈ ਅੰਤ ਕੜੀ ਘਾਲਣਾ ਪਿਛੋਂ ਸਰਦਾਰ ਜੀਤ ਬਾਵਾ ਅਤੇ ਹੋਰ ਸੱਜਣਾਂ-ਮਿਤਰਾਂ ਦੀ ਦੁਆ ਸਦਕਾ ਉਸਨੂੰ ਟੈਲੀਵਿਜਨ ਤੇ ਆਪਣਾ ਪ੍ਰੋਗਰਾਮ ਦੇਣ ਦਾ ਸੁਨਹਿਰੀ ਮੌਕਾ ਮਿਲ ਗਿਆ। ਉਹ ਪਲੇਠੇ ਗੀਤ 'ਲਾਈ ਬੇ ਕਦਰਾਂ ਨਾਲ ਯਾਰੀ ਟੁੱਟ ਗਈ ਤਰਕ ਕਰਕੇ' ਨਾਲ ਹੀ ਪੰਜਾਬ ਦੇ ਚੋਣਵੇਂ ਅਤੇ ਸਿਰਕੱਢ ਗਾਇਕਾਂ ਦੀ ਕਤਾਰ ਵਿਚ ਆਣ ਖਲੋਤਾ।

ਇਸ ਉਪਰੰਤ ਉਸਦੀ ਆਪਣੀ ਕਰਮ ਦੀ ਪੈਦਾਇਸ਼ੀ 'ਦਿਲ ਦਾ ਮਾਮਲਾ' 'ਮਾਮਲਾ ਗੜਬੜ ਹੈ' 'ਬਚਪਨ ਚਲਾ ਗਿਆ ਜਵਾਨੀ ਚਲੀ, ਜ਼ਿੰਦਗੀ ਦੀ ਕੀਮਤੀ ਨਿਸ਼ਾਨੀ ਚਲੀ ਗਈ' ਆਦਿ ਸੁੰਦਰ ਗੀਤਾਂ ਤੋਂ ਇਲਾਵਾ ਪਾਕਿਸਤਾਨ ਦੇ ਸ੍ਰੀ ਅਨਾਇਤ ਅਲੀ ਦਾ ਸਾਂਦਲ ਬਾਰ ਦਾ ਗਾਇਆ 'ਛੱਲਾ' ਆਦਿ ਦਿਲ ਹਿਲਾ ਦੇਣ ਵਾਲੇ ਉਸਦੇ ਮਾਸਟਰ ਪੀਸ ਗੀਤਾਂ ਨੇ ਜਿਥੇ ਟੀ. ਵੀ. ਦੇ ਪ੍ਰੋਗਰਾਮਾਂ ਵਿਚ ਖੂਬਸੂਰਤੀ ਲਿਆਂਦੀ ਉਥੇ ਪੰਜਾਬੀ ਪਿਆਰਿਆਂ ਸਾਹਿਤ ਪ੍ਰੇਮੀਆਂ ਅਤੇ ਅਣਗਿਣਤ ਸਰੋਤਿਆਂ ਦਾ ਮਨ ਜਿੱਤ ਲਿਆ। ਅੱਜ ਟੀ. ਵੀ. ਤੇ ਵਾਰ ਵਾਰ ਉਸਦੇ ਇਹਨਾਂ ਪਿਆਰੇ ਗੀਤਾਂ ਦੀ ਸਿਫਾਰਿਸ਼ ਪੂਰਬੀ ਅਤੇ ਪੱਛਮੀ ਪੰਜਾਬ ਦੇ ਕੋਨੇ-ਕੋਨੇ ਵਿਚੋਂ ਆ ਰਹੀਆਂ ਹਨ।

ਮਾਨ ਦੇ ਕਹਿਣ ਮੁਤਾਬਿਕ ਪ੍ਰਚੀਨ ਕਵੀਆਂ, ਕਿੱਸਾਕਾਰਾਂ ਵਿਚੋਂ ਵਾਰਿਸ਼, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਹਾਸ਼ਮ ਅਤੇ ਪੀਲੂ ਮੋਦੀ ਦੀਆਂ ਲੋਕ ਗਾਥਾਵਾਂ, ਕਿੱਸੇ ਅਤੇ ਕਾਫੀਆਂ ਆਦਿ ਵਿਚ ਉਸਦੀਆਂ ਮਨ ਭਾਉਂਦੀਆਂ ਅਸਰਦਾਇਕ ਰਚਨਾਵਾਂ ਹਨ ਜਿਹਨਾਂ ਤੋਂ ਉਸਨੂੰ ਪ੍ਰੇਰਨਾ ਮਿਲੀ ਹੈ। ਨੰਦਲਾਲ ਨੂਰਪੁਰੀ ਧਨੀ ਰਾਮ ਚਾਤ੍ਰਿਕ ਅਤੇ ਸ਼ਿਵ ਬਟਾਲਵੀ ਦਾ ਵੀ ਉਸਤੇ ਗਹਿਰਾ ਅਸਰ ਹੋਇਆ ਹੈ। ਅਸਲ ਵਿਚ ਪੱਛਮੀ ਪੰਜਾਬ ਦੇ ਕਲਾਕਾਰ ਮੁਹੰਮਦ ਆਲਮ ਲੋਹਾਰ, ਸ਼ੌਕਤ ਗੁਲਾਮ ਅਲੀ ਅਤੇ ਰੇਸ਼ਮਾਂ ਤੋਂ ਉਸ ਦੀ ਕਲਾਕ੍ਰਿਤ ਨੇ ਚੋਖਾ ਅਸਰ ਕਬੂਲਿਆ ਹੈ। ਉਸਦੀ ਸਾਹਿਤਕ ਰਚਨਾ ਵਿਚ ਹਰ ਰੰਗ ਵੇਖਿਆ ਜਾ ਸਕਦਾ ਹੈ। ਕਈ ਵੇਰ ਉਸਦੀ ਰਚਨਾ ਉਸਾਰੂ ਅਤੇ ਸਾਮਾਜਿਕ ਹੋਣ ਦੇ ਨਾਤੇ ਆਧੁਨਿਕ ਯੁਗ ਦੇ ਨੇਤਾਵਾਂ ਸਮਾਜ ਦੇ ਸੰਚਾਲਕਾਂ ਅਤੇ ਨੌਜਵਾਨਾਂ ਨੂੰ ਵੰਗਾਰ ਪਾਉਂਦੀ ਹੋਈ ਸੰਭਾਲਣ ਦਾ ਮੌਕਾ ਦਿੰਦੀ ਹੈ —

'ਇਹ ਚੜ੍ਹਦੀ ਜਵਾਨੀ ਕਿਧਰ ਜਾ ਰਹੀ ਏ
ਇਹ ਹੁਸਨੋ ਦਿਵਾਨੀ ਕਿਧਰ ਜਾ ਰਹੀ ਏ
ਰੋਕੋ ਦੇ ਰੋਕੋ ਮੇਰੇ ਰਹਿਨਮਾਉ
ਇਹ ਖਸਮਾਂ ਨੂੰ ਖਾਣੀ ਕਿਧਰ ਜਾ ਰਹੀ ਏ।'

1979 ਵਿਚ ਉਸ ਦੀ ਕਲਾ ਅਤੇ ਸਾਹਿਤਕ ਰੁਚੀਆਂ ਵੇਖਦਿਆਂ ਪੰਜਾਬ ਰਾਜ ਬਿਜਲੀ ਬੋਰਡ ਵਿਚ ਉਸਨੂੰ ਪੱਕੀ ਨੌਕਰੀ ਮਿਲ ਗਈ। ਇਥੇ ਹੀ ਮਾਨ ਦੀ ਭੇਂਟ ਰੰਗਮੰਚ ਦੇ ਸਮਰਾਟ ਅਤੇ ਬੋਰਡ ਦੇ ਲੋਕ ਸੰਪਰਕ, ਅਫਸਰ ਸ੍ਰੀ ਪ੍ਰਾਣ ਸਭਰਵਾਲ ਨਾਲ ਹੋਈ। ਇਸ ਤਰ੍ਹਾਂ ਮਾਨ ਨੂੰ ਬੋਰਡ ਦੇ ਪਬਲਿਸਿਟੀ ਵਿੰਗ ਵਲੋਂ ਕਰਵਾਏ ਜਾਂਦੇ ਸਭਿਆਚਾਰਕ ਤੇ ਰੰਗਾਰੰਗ ਪਰੋਗਰਾਮਾਂ ਵਿਚ ਆਪਣੀ ਕਲਾ ਨੂੰ ਵਿਕਸਿਤ ਕਰਨ ਦਾ ਸੁਨਹਿਰੀ ਮੌਕਾ ਮਿਲ ਗਿਆ। ਸਭਰਵਾਲ ਸਾਹਿਬ ਦੀ ਅਸ਼ੀਰਵਾਦ ਸਦਕਾ ਮਾਨ ਦੀ ਕਲਾ ਆਪ ਮੁਹਾਰੀਆਂ ਬੇਤੁਕੀਆਂ ਤੋਂ ਗੁਰੇਜ ਕਰਕੇ ਨਿਯਮਬਧ ਹੋ ਗਈ।

ਮਾਨ ਦਾ ਕਹਿਣਾ ਹੈ ਕਿ ਕੁਲੂ ਵਿਖੇ ਦੁਸਹਿਰੇ ਦੇ ਤਿਉਹਾਰ ਤੇ ਪ੍ਰਾਣ ਸਭਰਵਾਲ ਦੇ ਨਿਰਦੇਸ਼ਨ ਹੇਠ ਖੇਡੇ ਗਏ ਨਾਟਕ 'ਰਾਣੀ ਕੋਕਲਾ' ਵਿਚ ਆਪਣਾ ਸੰਗੀਤ ਦੇਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਉਪਰੰਤ ਪ੍ਰਾਣ ਸਭਰਵਾਲ ਦੀ ਛੱਤਰ ਛਾਇਆ ਚਲ ਰਹੇ 'ਨੈਸ਼ਨਲ ਥੇਟਰ ਆਫ ਆਰਟਸ ਸੋਸਾਇਟੀ' ਵਲੋਂ ਵਿਸਾਖੀ ਦੇ ਪੁਰਬ ਤੇ ਬੰਬਈ ਆਪਣਾ ਪ੍ਰੋਗਰਾਮ ਦੇਣ ਵਾਸਤੇ ਭੇਜਿਆ ਜਿਥੇ ਉਸਨੇ ਆਪਣੇ ਗੀਤਾਂ ਨਾਲ ਪੰਜਾਬ ਦੇ ਗੌਰਵ ਮਈ ਸਭਿਆਚਾਰਕ ਵਿਰਸੇ ਦੀ ਯਾਦ ਮੁੜ ਤਾਜਾ ਕਰ ਦਿੱਤੀ। ਸਭਰਵਾਲ ਸਾਹਿਬ ਨੇ ਟੀ. ਵੀ. ਅਤੇ ਰੇਡੀਉ ਦੇ ਪ੍ਰੋਗਰਾਮਾਂ ਵਾਸਤੇ ਵੀ ਭਰਪੂਰ ਜਾਣਕਾਰੀ ਕਰਵਾਈ। ਮਾਨ ਦਾ ਰੇਡੀਉ ਸਟੇਸ਼ਨ ਤੋਂ ਗਾਇਆ ਇਹ ਗੀਤ 'ਅਲਾ ਹੂ ਦਾ ਆਵਾਜ਼ਾਂ ਆਵੇ ਕੁਲੀ ਦੀ ਫਕੀਰ ਦੀ ਵਿਦਾ' ਅਤਿਅੰਤ ਸ਼ਲਾਘਾਯੋਗ ਸੀ ਜਿਸਨੇ ਲੋਕਾਂ ਤੇ ਆਪਣਾ ਖਾਸ ਕਿਸਮ ਦਾ ਪ੍ਰਭਾਵ ਛਡਿਆ।

ਇਸ ਤਰ੍ਹਾਂ ਕਲਾ ਦਾ ਪੁਜਾਰੀ ਹੋਣ ਦੇ ਨਾਤੇ ਮਾਨ ਸੰਗੀਤ ਦੀ ਚੰਗੀ ਸੂਝਬੂਝ ਰਖਦਾ ਹੈ। ਉਸਦੀ ਆਵਾਜ਼ ਦੀ ਮਧੁਰਤਾ ਵਿਚ ਲਚਕ ਤੇ ਚਮਕ ਹੈ ਮਾਨ ਪੁਜ ਕੇ ਸੋਹਣਾ ਫੁਰਤੀਲਾ ਪਰ ਗੰਭੀਰ ਨੌਜਵਾਨ ਹੈ। ਮਿੱਠ ਬੋਲੜਾ ਕਲਾਕਾਰ ਸਰੋਤਿਆਂ ਦੀ ਨਬਜ਼ ਪਛਾਣ ਕੇ ਆਪਣੀ ਕਿਸਮ ਦੀ ਅਦਾ ਨਾਲ ਮੰਚ 'ਤੇ ਆ ਜਾਂਦਾ ਹੈ ਅਤੇ ਇਸ ਖੂਬੀ ਵਿਚ ਉਸਦਾ ਕੋਈ ਸਾਨੀ ਨਹੀਂ ਅਜ ਕੋਈ ਵੀ ਰੰਗੀਨ ਸ਼ਾਮ ਅਤੇ ਰੰਗਾਰੰਗ ਪ੍ਰੋਗਰਾਮ ਉਸਦੀ ਹਾਜ਼ਰੀ ਬਿਨਾਂ ਸੱਖਣੀ ਤੇ ਸੁੰਨੀ ਲਗਦੀ ਹੈ। ਦਰਸ਼ਕ ਬੜੀ ਬਿਹਬਲਤਾ ਨਾਲ ਉਸਦੀ ਤਾਂਘ ਕਰਦੇ ਰਹਿੰਦੇ ਹਨ। ਮਾਨ ਵਿਚ ਕੁੜੀਆਂ ਵਰਗੀ ਲਚਕ ਅਤੇ ਗਭਰੂਆਂ ਵਰਗਾ ਜੁੱਸਾ ਹੈ। ਉਹ ਗਾਣੇ ਨੂੰ ਇਕੱਲਾ ਹੀ ਕਾਮਯਾਬੀ ਨਾਲ ਨਿਭਾ ਸਕਣ ਦੀ ਸਮਰਥਾ ਰਖਦਾ ਹੈ। ਉਹ ਦਿਨ ਦੂਰ ਨਹੀਂ ਜਦੋਂ ਉਸਦਾ ਭਵਿਖ ਝੀਣੀ ਪੁਕਾਰ ਬਣ ਕੇ ਉਭਰੇਗਾ। ਅਤੇ ਫਿਲਮਾਂ ਵਿਚ ਆਪਣਾ ਸੰਗੀਤ ਦੇ ਕੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਆਪਣੀ ਭਿੰਨੀ ਖੁਸ਼ਬੋ ਅਤੇ ਸੁਗੰਧੀ ਖਿਲਾਰੇਗਾ।

—ਤਰਲੋਚਨ ਸਿੰਘ ਧਾਂਦਲੀ

ਬੱਚਿਆਂ ਲਈ — ਬੁੱਝ ਸਕੋਂ ਤਾਂ ਬੁੱਝੋ !

1. ਧੁੱਪ ਦੇਖ ਕੇ ਪੈਦਾ ਹੋਇਆ
ਛਾਂ ਦੇਖ ਮੁਰਝਾ ਗਿਆ

2. ਇਕ ਡੱਬੀ ਵਿਚ ਬੱਤੀ ਦਾਣੇ
ਬੁਝਣ ਵਾਲੇ ਬੜੇ ਸਿਆਣੇ

3. ਇਕ ਖੇਤੀ ਦਾ ਏਹੋ ਹਾਲ
ਨਾ ਕੋਈ ਪੱਤਾ ਨਾ ਕੋਈ ਡਾਲ
ਨਾ ਬੀ ਪਾਇਆ ਨਾ ਬਾਹਿਆ ਹਲ
ਨਾ ਕੋਈ ਲਗੇ ਉਸਨੂੰ ਫਲ

4. ਗੁਹਾਰੇ ਤੇ ਬੈਠੀ ਗੋਹ
ਉਤਰ ਆ ਨੀ ਭਾਈਆਂ ਪਿਟੀਏ
ਤੈਨੂੰ ਡਾਕੂ ਲੈਣਗੇ ਖੋਹ

5. ਐਨੀ ਕੁ ਘੜੀ
ਰਾਣੀ ਵੀ ਨ੍ਹਾਤੀ
ਰਾਜਾ ਵੀ ਨ੍ਹਾਤਾ
ਅਜੇ ਭਰੀ ਦੀ ਭਰੀ

6. ਅੰਨ੍ਹਾ ਝੋਟਾ ਵਟਾਂ ਢਾਹੁੰਦਾ

7. ਦੋ ਚਪਾਹੀ ਲੜਦੇ ਜਾਣ
ਫੁਲ ਉਨ੍ਹਾਂ ਦੇ ਝੜਦੇ ਜਾਣ

8. ਜਾਂ ਤੇ ਬੁਝੂ ਲਾਲ ਬੁੱਝਕੜ
ਜਾਂ ਕੋਈ ਖਰਾ ਸਿਆਣਾ
ਰਾਤੀਂ ਐਥੋਂ ਰੱਬ ਲੰਘਿਆ ਸੀ
ਉਹਦਾ ਡਿਗ ਪਿਆ ਸੁਰਮੇਦਾਨਾ

9. ਰੜੇ ਮੈਦਾਨ ਵਿਚ ਪਿਆ ਡੱਬਾ
ਚੱਕ ਨਹੀਂ ਹੁੰਦਾ ਚਕਾਈਂ ਰੱਬਾ

10. ਤੂੰ ਚਲ ਮੈਂ ਆਈ
ਤੂੰ ਵੀ ਡੁੱਬ, ਮੈਂ ਤਾਂ ਡੁੱਬੀ ਡੁਬਾਈ

ਪਿਛਲੇ ਹਫਤੇ ਦੀਆਂ ਬੁਝਾਰਤਾਂ ਦੇ ਉੱਤਰ

1.ਗੰਢਾ 2.ਅੰਡਾ 3.ਕੁਕੜ 4.ਜੂੰ 5.ਜੂੰ 6.ਮੋਟਰ 7. ਅਖਬਾਰ 8.ਐਨਕ 9.ਤਿਲ 10.ਬਦਾਮ

ਸ. ਮਨਚੰਦਾ ਦੇ ਕਤਲ ਦੀ ਹਰ ਵਰਗ ਵਲੋਂ ਨਿਖੇਧੀ

ਨਵੀਂ ਦਿੱਲੀ — ਵੱਖ ਵੱਖ ਲੀਡਰਾਂ ਅਤੇ ਪਾਰਟੀਆਂ ਨੇ ਸ਼੍ਰੋਮਣੀ ਕਮੇਟੀ ਦਿੱਲੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਦੇ ਕਤਲ ਦੀ ਨਿਖੇਧੀ ਕੀਤੀ ਹੈ। ਪੰਜਾਬੀ ਪਾਰਟੀ ਦੇ ਪ੍ਰਧਾਨ ਸ. ਸ. ਦਾਨੇਵਾਲੀਆ ਨੇ ਕਿਹਾ ਅਕਾਲੀ, ਧੜੇਬੰਦੀ ਕਾਰਨ ਆਪੋ ਵਿਚ ਕਤਲਾਂ ਤੇ ਤੁਲ ਗਏ ਹਨ। ਅਕਾਲੀ ਪਾਰਟੀ ਵਿਚ ਮੌਕਾ ਤਾੜੂ ਅਨਸਰ ਇਨ੍ਹਾਂ ਆਪ ਹੁਦਰੀਆਂ ਨਾਲ ਸਾਰੇ ਸਿੱਖਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਿਹਾ ਹੈ। ਉਨ੍ਹਾਂ ਕਿਹਾ ਆਪਣੀ ਤਾਕਤ ਹਥਿਆਉਣ ਦੀ ਨੀਤੀ ਨਾਲ ਕੁਝ ਲੋਕ ਮਾਸੂਮ ਤੇ ਬੇਦੋਸ਼ੇ ਲੋਕਾਂ ਦੇ ਕਤਲ ਕਰ ਰਹੇ ਹਨ। ਸਿਖ ਸਾਰੇ ਮੁਲਕ ਵਿਚ ਵਸਦੇ ਹਨ, ਤੇ ਇਹ 'ਮੁਠੀ ਭਰ ਲੋਕ' ਉਨ੍ਹਾਂ ਦੀਆਂ ਜਾਨਾਂ ਨੂੰ ਖਤਰੇ ਵਿਚ ਪਾ ਰਹੇ ਹਨ।

ਸ੍ਰੀ ਦਾਨੇਵਾਲੀਆ ਨੇ ਕਿਹਾ ਕਿ 'ਗੁਰਦੁਆਰਿਆਂ ਵਿਚ ਸ਼ਰਨ ਲਈ ਬੈਠੇ ਲੀਡਰ' ਇਹ ਨਾ ਸਮਝਣ ਕਿ ਵਿਰੋਧੀਆਂ ਨੂੰ ਕਤਲ ਕਰਕੇ ਉਨ੍ਹਾਂ ਦੇ ਇਰਾਦੇ ਪੂਰੇ ਹੋ ਜਾਣਗੇ। ਕਤਲਾਂ ਨਾਲ ਪੰਥਕ ਏਕਤਾ ਮਜ਼ਬੂਤ ਨਹੀਂ ਹੁੰਦੀ, ਖੇਰੂੰ ਖੇਰੂੰ ਹੁੰਦੀ ਹੈ। ਜੇ ਮਨਚੰਦਾ ਵਰਗੇ ਅਕਾਲੀ ਲੀਡਰ ਵੀ ਕਤਲ ਹੋ ਰਹੇ ਹਨ ਤਾਂ ਪੰਥ ਏਕਤਾ ਦੇ ਨਾਅਰੇ ਨਿਰਾ ਫਰਾਡ ਹਨ।

ਸ੍ਰੀਮਤੀ ਨਿਰਲੇਪ ਕੌਰ ਜੋ 'ਹਿਟ ਲਿਸਟ' ਤੇ ਦਰਜ ਦੱਸੇ ਜਾਂਦੇ ਹਨ, ਨੇ ਵੀ ਕਰੜੇ ਸ਼ਬਦਾਂ ਵਿਚ ਮਨਚੰਦਾ ਦੇ ਕਤਲ ਦੀ ਨਿਖੇਧੀ ਕੀਤੀ। ਸ੍ਰੀਮਤੀ ਨਿਰਲੇਪ ਕੌਰ ਪਟਨਾ ਤਖਤ ਸਾਹਿਬ ਕਮੇਟੀ ਦੇ ਪ੍ਰਧਾਨ ਹਨ।

ਕਮਿਊਨਿਸਟ ਪਾਰਟੀ ਦੇ ਅਵਤਾਰ ਸਿੰਘ ਮਲਹੋਤਰਾ ਨੇ ਕਿਹਾ ਕਿ ਜਿਹੜੇ ਲੋਕ ਆਪਣੇ ਧਰਮ ਦੇ ਬੰਦਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਉਹ ਦੂਜੇ ਧਰਮਾਂ ਦੇ ਲੋਕਾਂ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਰਾਜਨੀਤਕ ਜਾਂ ਧਾਰਮਿਕ ਝਗੜੇ ਕਤਲਾਂ ਨਾਲ ਹੱਲ ਨਹੀਂ ਹੋ ਸਕਦੇ।

ਪੰਜਾਬ ਅਸੈਂਬਲੀ ਦੇ ਸਪੀਕਰ ਬ੍ਰਿਜ ਭੂਸ਼ਨ ਮਹਿਰਾ ਤੇ ਜਗਦੇਵ ਸਿੰਘ ਜੱਸੋਵਾਲ ਐਮ. ਐਲ. ਏ. ਨੇ ਵੀ ਮਨਚੰਦਾ ਦੇ ਕਤਲ ਦੀ ਨਿਖੇਧੀ ਕੀਤੀ।

ਕਾਨ੍ਹਪਾਰ ਵਿਚ ਜਥੇਦਾਰ ਕੁਲਦੀਪ ਸਿੰਘ, ਪ੍ਰਧਾਨ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਨੇ ਅਤਿਵਾਦੀਆਂ ਨੂੰ ਮਨਚੰਦਾ ਦੇ ਕਤਲ ਦਾ ਜ਼ਿੰਮੇਵਾਰ ਕਿਹਾ। ਇਕ ਬਿਆਨ ਵਿਚ ਉਨ੍ਹਾਂ ਨੇ ਕਿਹਾ ਕਿ ਇਹ ਜਮਹੂਰੀਅਤ ਦਾ ਕਤਲ ਹੈ। ਉਨ੍ਹਾਂ ਅਕਾਲੀ ਲੀਡਰਾਂ ਨੂੰ ਵੀ ਅਪੀਲ ਕੀਤੀ ਕਿ ਜੇ ਇਹ ਕਤਲ ਨਾ ਰੋਕੇ ਗਏ ਤਾਂ ਕੋਈ ਵੀ ਨਰਮ ਵਿਚਾਰਾਂ ਵਾਲਾ ਆਗੂ ਸੁਰਖਿਅਤ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਅਜਿਹੇ ਕਤਲ ਪੰਥ ਦੇ ਨਾਂ ਤੇ ਧੱਬਾ ਬਣਨਗੇ।

ਸੁਮੀਤ ਸਿੰਘ ਪ੍ਰੀਤਲੜੀ ਦਾ ਵਿਛੋੜਾ——ਸੋਚਣ ਦੀ ਘੜੀ

ਗੁਰਬਚਨ ਸਿੰਘ ਭੁੱਲਰ

ਸੁਮੀਤ ਸਿੰਘ 'ਪ੍ਰੀਤਲੜੀ' ਨਹੀਂ ਰਿਹਾ।

ਆਪਣੇ ਪਿੰਡ, ਗੁਰਬਖਸ਼ ਸਿੰਘ ਦੇ ਸਾਕਾਰ ਹੋਏ ਇਕ ਸੁਫਨੇ, ਪ੍ਰੀਤਨਗਰ ਦੇ ਨੇੜੇ ਹੀ ਇਕ ਦੁਕਾਨ ਕੋਲ ਖਲੋਤਾ ਉਹ ਗੋਲੀ ਦਾ ਨਿਸ਼ਾਨਾ ਬਣ ਗਿਆ।

ਗੁਰਬਖਸ਼ ਸਿੰਘ ਦੇ ਹੁੰਦਿਆਂ ਪ੍ਰੀਤਲੜੀ ਅਤੇ ਉਹਦੇ ਨਾਲ ਸਬੰਧਤ ਸਭ ਕੁਝ ਇਕ ਘਣਛਾਵੇਂ ਬਿਰਛ ਵਾਂਗ ਸੀ। ਉਹਨਾਂ ਦੇ ਜਾਣ ਮਗਰੋਂ ਉਹਦੀਆਂ ਹਿੱਲੀਆਂ ਹੋਈਆਂ ਜੜਾਂ ਨੂੰ ਨਵਤੇਜ ਸਿੰਘ ਨੇ ਮਿੱਟੀ ਬੰਨ੍ਹ ਬੰਨ੍ਹ ਕੇ ਕਿਸੇ ਹਦ ਤਕ ਖੜੀਆਂ ਕਰ ਲਿਆ ਸੀ। ਉਹਦੇ ਵਿਛੋੜੇ ਮਗਰੋਂ ਇਹ ਨੌਜਵਾਨ ਇਸ ਬੋਹੜ ਬਿਰਛ ਦੇ ਕੁਮਲਾ ਰਹੇ ਪਤਿਆਂ ਉਤੇ ਝੂਰਦਾ ਬੁਕਾਂ ਨਾਲ ਪਾਣੀ ਪਾ-ਪਾ ਕੇ ਉਹਨੂੰ ਹਰਾ ਰੱਖਣ ਲਈ ਆਪਣੇ ਵਿਤ ਨਾਲੋਂ ਬਹੁਤ ਵੱਡੇ ਉਪਰਾਲੇ ਵਿਚ ਜੁਟਿਆ ਹੋਇਆ ਸੀ। ਅੱਜ ਉਹ ਬਿਰਛ — ਪੱਤੇ ਹੇਠਾਂ ਵਲ ਅਤੇ ਜੜਾਂ ਉਤੇ ਵਲ — ਬਿਲਕੁਲ ਮੂਧਾ ਹੋਇਆ ਪਿਆ ਹੈ। ਇਕ ਮਹਾਨ ਸੰਸਥਾ ਦਾ ਹਿਰਦੇ-ਵੇਧਕ ਅੰਤ ਹੋ ਗਿਆ ਹੈ। ਇਕ ਭਰ ਵਗਦਾ ਦਰਿਆ ਭੂਤਰੇ ਹੋਏ ਥਲ ਵਿਚ ਪੁੱਜ ਕੇ ਸੁੱਕ ਗਿਆ ਹੈ।

ਗੁਰਬਖਸ਼ ਸਿੰਘ ਦੇ ਵਿਛੋੜੇ ਨੇ ਸਾਨੂੰ, ਪੰਜਾਬੀਆਂ ਨੂੰ ਖਾਸ ਕਰਕੇ ਸਾਹਿਤਕ ਹਲਕਿਆਂ ਨੂੰ ਵੱਡਾ ਸਦਮਾ ਪੁਚਾਇਆ ਸੀ। ਪਰ ਇਕ ਤਾਂ ਉਹਨਾਂ ਦੀ ਆਯੂ ਵਲ ਦੇਖਦਿਆਂ "ਸਭ ਨੇ ਆਖਰ ਜਾਣਾ ਹੀ ਹੈ" ਦਾ ਕਥਨ ਅੱਗੇ ਆ ਜਾਂਦਾ ਸੀ। ਅਤੇ ਦੂਜੇ ਨਵਤੇਜ ਸਿੰਘ ਦੀ ਪ੍ਰਤਿਭਾ ਕੁਝ ਧਰਵਾਸ ਦਿੰਦੀ ਸੀ। ਇਸ ਝੋਰੇ ਦੇ ਬਾਵਜੂਦ ਕਿ ਜੇ ਉਹ ਕੁਝ ਸਮਾਂ ਹੋਰ ਰਹਿੰਦੇ ਉਹਨਾਂ ਦੀ ਇਤਹਾਸਕ ਸਾਹਿਤਕ ਦੇਣ ਹੋਰ ਵੀ ਗੌਰੀ-ਭਾਰੀ ਹੁੰਦੀ, ਅਸੀਂ ਸਬਰ ਕਰ ਲਿਆ ਸੀ। ਭਾਂਵੇਂ ਉਹਨਾ ਦਾ ਜਾਣਾ ਬਹੁਤ ਰੜਕਦਾ ਰਿਹਾ।

ਨਵਤੇਜ ਸਿੰਘ ਦੀ ਕੁਵੇਲੇ ਦੀ ਮੌਤ ਨੇ, ਖਾਸ ਕਰਕੇ ਉਹਦੀ ਮੌਤ ਦੇ ਲੰਮੇ, ਭਿਅੰਕਰ ਅਤੇ ਦੁਖਦਾਈ ਰੂਪ ਨੇ ਸਭ ਦੇ ਦਿਲ ਮਰੁੰਡ ਦਿਤੇ ਸਨ। ਸਾਡੇ ਸਮੁੱਚੇ ਸਾਹਿਤਕ ਸੰਸਾਰ ਦਾ ਹਉਕਾ ਸੀ ਕਿ ਉਹਨੂੰ ਅਜੇ ਬਿਲਕੁਲ ਨਹੀਂ ਸੀ ਜਾਣਾ ਚਾਹੀਦਾ।

ਅਜ ਮੈਂ ਕਹਿੰਦਾ ਹਾਂ, ਚੰਗਾ ਹੋਇਆ, ਗੁਰਬਖਸ਼ ਸਿੰਘ ਮਰ ਗਏ ਸਨ।

ਅਜ ਮੈਂ ਕਹਿੰਦਾ ਹਾਂ, ਚੰਗਾ ਹੋਇਆ, ਨਵਤੇਜ ਸਿੰਘ ਮਰ ਗਿਆ ਸੀ।।

ਜੇ ਗੁਰਬਖਸ਼ ਸਿੰਘ ਅੱਜ ਜਿਉਂਦੇ ਹੁੰਦੇ, ਉਸ ਪ੍ਰੀਤਨਗਰ ਵਿਚ, ਜਿਥੇ ਉਨ੍ਹਾਂ ਨੇ ਕਈ ਦਹਾਕਿਆਂ ਤਕ ਪ੍ਰੀਤ ਭਾਈਚਾਰੇ ਦੇ ਰਾਂਗਲੇ ਸੁਫਨੇ ਲਏ ਸਨ ਅਤੇ ਉਹਨਾ ਦੀ ਸਾਕਾਰਤਾ ਲਈ ਜਤਨ ਕੀਤੇ ਸਨ। ਉਹ ਦੇਖਦੇ ਕਿ ਉਹਨਾ ਦਾ ਸ਼ੰਮੀ ਇਕ ਨਫਰਤ ਭਿਜੀ ਗੋਲੀ ਦਾ ਬਿੰਨਿਆ ਪਿਆ ਸੀ। ਚੰਗਾ ਹੋਇਆ ਉਹ ਇਹ ਦਿਨ ਦੇਖਣੋਂ ਪਹਿਲਾਂ ਤੁਰ ਗਏ।

ਜੇ ਅੱਜ ਨਵਤੇਜ ਸਿੰਘ, "ਮੇਰੀ ਧਰਤੀ, ਮੇਰੇ ਲੋਕ" ਦਾ ਲਿਖਣਹਾਰ ਨਵਤੇਜ ਸਿੰਘ ਜਿਉਂਦਾ ਹੁੰਦਾ, ਉਹ ਦੇਖਦਾ ਕਿ ਉਹਦੀ ਧਰਤੀ ਉਤੇ ਉਹਦੇ ਹੀ ਲੋਕਾਂ ਨੇ ਉਹਦਾ ਸ਼ੰਮੀ ਕੋਹ ਸੁਟਿਆ ਹੈ। ਚੰਗਾ ਹੋਇਆ, ਉਹ ਇਹ ਦਿਨ ਦੇਖਣੋਂ ਪਹਿਲਾਂ ਤੁਰ ਗਿਆ।।

ਅੱਜ ਦਿਲ ਵਾਰ ਵਾਰ ਸ੍ਰੀਮਤੀ ਮੁਹਿੰਦਰ ਵਲ ਜਾਂਦਾ ਹੈ ਜੀਹਨੇ ਨਵਤੇਜ ਦੇ ਸਿਵੇ ਦੀ ਸੁਆਹ ਵੀ ਅਜੇ ਆਪਣੀਆਂ ਮੁਠੀਆਂ ਵਿਚੋਂ ਨਹੀਂ ਸੀ ਛੱਡੀ ਕਿ ਸੁਮੀਤ ਦੀ ਲਾਸ਼ ਝੋਲੀ ਆ ਪਈ; ਸਾਥੀ ਜਗਜੀਤ ਸਿੰਘ ਆਨੰਦ ਤੇ ਬੀਬੀ ਉਰਮਲਾ ਆਨੰਦ, ਸਾਥੀ ਮਦਨ ਲਾਲ ਦੀਦੀ ਤੇ ਬੀਬੀ ਸ਼ੀਲਾ ਦੀਦੀ ਵਲ ਜਾਂਦਾ ਹੈ, ਜਿਹਨਾਂ ਨੂੰ ਸਾਰੀ ਉਮਰ ਫਿਰਕਾ ਪ੍ਰਸਤੀ ਵਿਰੁਧ ਜੱਦੋ-ਜਹਿਦ ਕਰਦਿਆਂ ਹੋਗਈ ਹੈ ਅਤੇ ਇਸ ਜੱਦੋ-ਜਹਿਦ ਵਿਚ ਏਨਾ ਵੱਡਾ ਮੁੱਲ ਤਾਰਨਾ ਪਿਆ ਹੈ ਉਸ ਮਲੂਕੜੀ ਜਹੀ ਕੁੜੀ ਪੂਨਮ ਵਲ ਜਾਂਦਾ ਹੈ ਜੀਹਨੇ ਪੰਜਾਬ ਦੇ ਸਭਿਆਚਾਰ ਦਾ ਝੰਡਾ ਰੰਗ ਮੰਚ ਉਤੇ ਉਚਾ ਚੁਕਿਆ ਅਤੇ ਜੀਹਨੂੰ ਪੰਜਾਬ ਨੇ ਇਹ ਪੁਰਸਕਾਰ ਦਿਤਾ।

ਕੁਦਰਤ ਦਾ ਮਖੌਲ ਦੇਖੋ ਕਿ 'ਪ੍ਰੀਤ ਲੜੀ' ਦੀ ਡਾਂਵਾ ਡੋਲ ਹਾਲਤ ਬਾਰੇਖਬਰਾਂ ਅਤੇ ਅਫਵਾਹਾਂ ਦੇ ਹਵਾਲੇ ਨਾਲ ਮੈਂ ਸੁਮੀਤ ਸਿੰਘ ਨੂੰ ਲਿਖੀ ਇਕ ਚਿੱਠੀ ਦਾ ਆਰੰਭ "ਤੂੰ ਠੀਕ ਤਾਂ ਹੈਂ ਨਾ" ਦੀ ਪੁੱਛ ਨਾਲ ਕਰਦਿਆਂ ਅੰਤ ਵਿਚ ਲਿਖਿਆ "ਆਸ ਹੈ ਤੇਰੀ ਅੰਮੀਂ ਅਤੇ ਪ੍ਰਵਾਰ ਦੇ ਹੋਰ ਜੀਅ ਰਾਜੀ-ਖੁਸ਼ੀ ਹੋਣਗੇ।" ਤੇ 23 ਫਰਵਰੀ ਸਵੇਰੇ ਅਖਬਾਰ ਪੜ੍ਹ ਕੇ ਪਤਾ ਲਗਿਆ ਕਿ 22 ਫਰਵਰੀ ਨੂੰ ਜਦੋਂ ਮੈਂ ਉਪਰੋਕਤ ਚਿੱਠੀ ਡਾਕ ਵਿਚ ਪਾ ਰਿਹਾ ਸੀ, ਸੁਮੀਤ ਤੋਂ ਇਹ ਦੁਨੀਆਂ ਛੁਡਵਾਈ ਜਾ ਚੁੱਕੀ ਸੀ।

ਸੁਮੀਤ ਸਿੰਘ ਦਾ ਮਰਨਾ ਪੰਜਾਬ ਦੇ ਵਰਤਮਾਨ ਦੁਖਦਾਈ ਦੌਰ ਵਿਚ ਪੰਜਾਬ ਦੇ ਸਾਹਿਤਕ ਸੰਸਾਰ ਤੋਂ ਲਈ ਗਈ ਪਹਿਲੀ ਕੁਰਬਾਨੀ ਹੈ। ਆਓ, ਆਪਾਂ ਪੰਜਾਬੀ ਦੇ ਲੇਖਕ ਤੇ ਆਮ ਬੁਧੀਮਾਨ ਸੁਮੀਤ ਦੇ ਸੱਥਰ ਉਤੇ ਬੈਠਕੇ ਕੁਝ ਗੱਲਾਂ ਕਰੀਏ।

ਜੇ ਅਸੀਂ ਭਾਵ ਸਾਡੀ ਵੱਡੀ ਪੀੜ੍ਹੀ ਦੇ ਲੇਖਕਾਂ ਅਤੇ ਬੁਧੀਮਾਨਾਂ ਨੇ ਉਹਨਾਂ ਫਿਰਕੂ ਤੰਗ ਨਜ਼ਰ, ਭੁੱਲੇ ਭਰਾਵਾਂ ਸੁਮੇਤ ਜਿਹਨਾਂ ਨੇ ਪੰਜਾਬੀ ਹੁੰਦਿਆਂ ਪੰਜਾਬੀ ਹੋਣੋ ਇਨਕਾਰ ਕੀਤਾ ਹੋਇਆ ਹੈ, ਇਸ ਰਾਹ ਦੇ ਭਵਿਖੀ ਘਾਤਕ ਨਤੀਜਿਆਂ ਬਾਰੇ ਜਨਤਕ ਪੱਧਰ ਉਤੇ ਜਾਗਰਤੀ ਲਿਆਂਦੀ ਹੁੰਦੀ — ਕੀ ਅੱਜ ਹਾਲਤ ਵਖਰੀ ਨਾ ਹੁੰਦੀ? ਤੰਗ ਨਜ਼ਰ ਫਿਰਕੂਆਂ ਦਾ ਇਹੋ ਇਨਕਾਰ ਅਤੇ ਸਾਡਾ ਲੇਖਕਾਂ ਅਤੇ ਬੁਧੀਮਾਨਾਂ ਦਾ ਸਭ ਕੁਝ ਦੇਖਦਿਆਂ ਹੋਇਆਂ ਦੇਖਣੋਂ ਇਨਕਾਰ ਅੱਜ ਦੀ ਉਲਝੀ ਹੋਈ ਸਮਸਿਆ ਦਾ ਮੂਲ ਕਾਰਨ ਬਣਿਆ। ਇਹ ਮੇਰਾ ਵਿਸ਼ਵਾਸ਼ ਹੈ।

ਤੇ ਅਜ ਵੀ ਅਸੀਂ ਲੇਖਕ ਅਤੇ ਬੁਧੀਮਾਨ ਕੀ ਕਰ ਰਹੇ ਹਾਂ? ਹਿੰਦੂ ਸਿਖ ਭਾਈ—ਭਾਈ ਦੇ ਕਲਿਆਣਕਾਰੀ ਨਾਅਰੇ ਦਾ ਅਜੋਕੀ ਹਾਲਤ ਵਿਚ

(ਬਾਕੀ ਪੰਨਾ ਤੇ)

ਸਿਸਕਿਆ ਏਨਾ ਕਿ ਸਿਸਕੀ ਬਣ ਗਿਆ ਸਾਂ,
ਗੂੰਜ ਬਣ ਕੇ ਹੁਣ ਫ਼ਿਜ਼ਾ ਵਿਚ ਗੂੰਜਣਾ ਹੈ।
ਕੁੱਦਣਾ ਪੈਣਾ ਹੈ ਡੂੰਘੇ ਸਾਗਰਾਂ ਵਿਚ,
ਰੇਤ ਬਣ, ਕਦ ਤਕ ਕਿਨਾਰੇ ਬੈਠਣਾ ਹੈ।

(ਪੰਨਾ 5 ਦੀ ਬਾਕੀ)

ਉਹ ਇਥੋਂ ਦੀ ਜ਼ਿੰਦਗੀ ਬਾਰੇ ਹੋਣ। ਇਸ ਮਕਸਦ ਲਈ ਸੱਥ ਦੇ ਮੈਂਬਰ ਡਰਾਮੇ ਤਿਆਰ ਕਰ ਰਹੇ ਹਨ। ਇਸ ਅੱਜ ਦੇ ਫੰਕਸ਼ਨ ਵਿਚ ਵੀ ਇਕ ਡਰਾਮਾ ਸੱਥ ਦੇ ਮੈਂਬਰ ਮੱਖਣ ਟੁੱਟ ਦਾ ਲਿਖਿਆ ਹੋਇਆ ਹੈ। ਸੁਖਵੰਤ ਹੁੰਦਲ ਨੇ ਹੁਣੇ ਹੁਣੇ ਇਕ ਡਰਾਮਾ ਲਿਖਿਆ ਹੈ, ਅਮਰਜੀਤ ਚਾਹਲ ਫਾਰਮ ਵਰਕਰਾਂ ਬਾਰੇ ਇਕ ਲੰਮਾ ਡਰਾਮਾ ਲਿਖ ਰਿਹਾ ਹੈ। ਇਹਨਾਂ ਸਰਗਰਮੀਆਂ ਤੋਂ ਸਾਨੂੰ ਉਮੀਦ ਬੱਝਦੀ ਹੈ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਕੁਝ ਨਾ ਕੁਝ ਕਰਕੇ ਰਹਾਂਗੇ। ਪਰ ਸਭ ਤੋਂ ਵੱਡੀ ਗੱਲ ਹੈ ਕਿ ਸਾਨੂੰ ਤੁਹਾਡਾ ਸਾਰੇ ਲੋਕਾਂ ਦਾ ਸਹਿਯੋਗ ਮਿਲਣਾ ਚਾਹੀਦਾ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਨੂੰ ਨਿਰਾਸ਼ ਨਹੀਂ ਕਰੋਗੇ।

ਸਾਡੇ ਅੱਜ ਦੇ ਦੋਵੇਂ ਡਰਾਮੇ ਸਿਧੇ ਤੌਰ ਤੇ ਪੰਜਾਬ ਦੀ ਮੌਜੂਦਾ ਹਾਲਤ ਬਾਰੇ ਹਨ। ਪਹਿਲਾ ਨਾਟਕ 'ਪੰਜਾਬ ਦੀ ਆਵਾਜ਼' ਸੱਥ ਦੇ ਲੇਖਕ ਤੇ ਕਲਾਕਾਰ ਮੱਖਣ ਟੁੱਟ ਨੇ ਲਿਖਿਆ ਹੈ ਤੇ ਡਰਾਮੇ ਵਿਚ ਮੁਖ ਰੋਲ ਵੀ ਉਹ ਖੁਦ ਹੀ ਕਰ ਰਿਹਾ ਹੈ। ਇਹ ਡਰਾਮਾ ਇਕੱਲੇ ਸੱਥ ਦੇ ਖਿਆਲਾਂ ਦੀ ਹੀ ਨਹੀਂ ਸਗੋਂ ਹਰ ਅਗਾਂਹ ਵਧੂ ਪੰਜਾਬ ਦੇ ਖਿਆਲਾਂ ਦੀ ਤਰਜਮਾਨੀ ਕਰਦਾ ਹੈ। ਦੂਜਾ ਡਰਾਮਾ ਪੰਜਾਬੀ ਦੇ ਮਸ਼ਹੂਰ ਨਾਟਕਕਾਰ ਗੁਰਸ਼ਰਨ ਸਿੰਘ ਦਾ ਲਿਖਿਆ ਹੋਇਆ ਹੈ। ਇਹ ਨਾਟਕ 'ਇਕ ਮੋਰਚਾ ਇਕ ਕੁਰਸੀ ਤੇ ਹਵਾ ਵਿਚ ਲਟਕਦੇ ਲੋਕ' ਧਰਮ ਅਤੇ ਸਿਆਸਤ ਦੇ ਅਸਲੀ ਰਿਸ਼ਤੇ ਨੂੰ ਬਹੁਤ ਹੀ ਸਫਲ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਨਾਟਕ ਵਿਚ ਆਪਾਂ ਦੇਖਾਂਗੇ ਕਿ ਕਿਵੇਂ ਧਾਰਮਿਕ ਆਗੂ ਤੇ ਤਾਕਤਵਰ ਸਿਆਸੀ ਲੀਡਰ ਮਿਲ ਕੇ ਆਮ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਤੇ ਸਾਡੀ ਆਮ ਲੋਕਾਂ ਦੀ ਬਦਕਿਸਮਤੀ ਇਹੀ ਹੁੰਦੀ ਹੈ ਕਿ ਅਸੀਂ ਇਹਨਾਂ ਲੀਡਰਾਂ ਤੇ ਇਸ ਹੱਦ ਤੱਕ ਵਿਸ਼ਵਾਸ਼ ਕਰਨ ਲਗਦੇ ਹਾਂ ਕਿ ਖੁਦ ਸੋਚਣਾ ਵੀ ਛੱਡ ਦਿੰਦੇ ਹਾਂ। ਇਸ ਅੰਨੀ ਭਗਤੀ ਦਾ ਅੰਜਾਮ ਜੋ ਹੁੰਦਾ ਹੈ ਉਹ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਸਾਡੇ ਵਿਚੋਂ ਬਹੁਤਿਆਂ ਨੇ ਖੁਦ 1947 ਦਾ ਸਾਲ ਜੀਵਿਆ ਹੈ ਤੇ ਬਾਕੀਆਂ ਨੇ ਹਮੇਸ਼ਾਂ ਉਸ ਵਹਿਸ਼ੀ ਕਤਲੋਗਾਰਤ ਦੇ ਕਿੱਸੇ ਸੁਣੇ ਹਨ। ਪਰ ਸਾਡੇ ਪਾਗਲਪੁਣੇ ਦੀ ਹੱਦ ਦੇਖੋ ਅਸੀਂ ਸਭ ਕੁਝ ਭੁਲਾਈ ਬੈਠੇ ਹਾਂ ਤੇ ਹੁਣ ਇਹਨਾਂ ਲੀਡਰਾਂ ਦੇ ਮਗਰ ਲੱਗ ਕੇ ਫੇਰ ਇਕ ਦੂਜੇ ਦੇ ਟੁਕੜੇ ਕਰਨ ਲਈ ਕਮਰਕਸੇ ਕਰ ਰਹੇ ਹਾਂ। ਹੁਣ ਮੌਕਾ ਹੈ ਕਿ ਆਪਾਂ ਖੁਦ ਇਸ ਹਾਲਤ ਬਾਰੇ ਸੋਚੀਏ। ਤੇ ਇਹ ਦੋਵੇਂ ਡਰਾਮੇ ਅਨੇਕਾਂ ਉਹਨਾਂ ਸਵਾਲਾਂ ਨੂੰ ਸਾਡੇ ਸਾਹਮਣੇ ਪੇਸ਼ ਕਰਦੇ ਹਨ ਜਿਹਨਾਂ ਨੂੰ ਜੇ ਨਾ ਵਿਚਾਰਿਆ ਗਿਆ ਤਾਂ ਅਸੀਂ ਇਕ ਵਾਰ ਫੇਰ ਇਕ ਦੂਜੇ ਦੇ ਖੂਨ ਦੀਆਂ ਨਦੀਆਂ ਵਹਾਂਵਾਂਗੇ। ਚਾਹੇ ਅਸੀਂ ਧਰਮ ਵਿਚ ਯਕੀਨ ਕਰਦੇ ਹੋਈਏ ਚਾਹੇ ਨਾ। ਸਾਨੂੰ ਇਹਨਾਂ ਮਸਲਿਆਂ ਬਾਰੇ ਸੋਚਣਾ ਚਾਹੀਦਾ ਹੈ ਸਵਾਲ ਉਠਾਉਣੇ ਚਾਹੀਦੇ ਹਨ। ਤਾਂ ਕਿ ਅਸੀਂ ਚੌਕੰਨੇ ਰਹਿ ਸਕੀਏ ਤੇ ਧਾਰਮਿਕ ਲੀਡਰ ਸਿਰਫ ਇਹ ਕਹਿਕੇ ਹੀ ਕਿ 'ਧਰਮ ਨੂੰ ਖਤਰਾ ਹੈ' ਸਾਨੂੰ ਆਪਣੇ ਮਗਰ ਨਾ ਲਾ ਸਕਣ। ਉਹਨਾਂ ਨੂੰ ਇਹ ਸਾਬਤ ਕਰਨਾ ਪਵੇ ਕਿ ਧਰਮ ਨੂੰ ਕਿਵੇਂ ਖਤਰਾ ਹੈ? ਕੀ ਇਹ ਖਤਰਾ ਗਊਆਂ ਦੇ ਸਿਰ ਵੱਢ ਕੇ, ਗੁਰਦੁਆਰੇ ਲੂਹ ਕੇ ਜਾਂ ਨਿਰਦੋਸ਼ ਲੋਕਾਂ ਦੇ ਖੂਨ ਦੀ ਹੋਲੀ ਖੇਡ ਕੇ ਹੀ ਟਾਲਿਆ ਜਾ ਸਕਦਾ ਹੈ? ਕੀ ਜਦੋਂ ਇਹਨਾਂ ਧਾਰਮਿਕ ਲੀਡਰਾਂ ਦੇ ਹੱਥ ਤਾਕਤ ਹੁੰਦੀ ਹੈ ਉਹ ਧਰਮ ਤੇ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਪੂਰੀ ਤਰਾਂ ਰਖਿਆ ਕਰਦੇ ਹਨ? ਜੇ ਪੰਜਾਬ ਨੂੰ ਜਾਂ ਹਿੰਦੁਸਤਾਨ ਦੇ ਹੋਰ ਸੂਬਿਆਂ ਨੂੰ ਵੱਧ ਅਧਿਕਾਰ ਮਿਲ ਵੀ ਜਾਣ ਤਾਂ ਕੀ ਪੰਜਾਬ ਦੇ ਆਮ ਗਰੀਬ ਲੋਕਾਂ ਨੂੰ ਉਸ ਤੋਂ ਕੋਈ ਫਾਇਦਾ ਹੋਵੇਗਾ ਜਾਂ ਹੁਣ ਬਾਹਰਲੇ ਸਰਮਾਏਦਾਰ ਦੀ ਥਾਂ ਪੰਜਾਬ ਦਾ ਸਰਮਾਏਦਾਰ ਉਹਨਾਂ ਦੀ ਲੁੱਟ ਕਰਨ ਲੱਗ ਪਵੇਗਾ। ਸਾਡੇ ਖਿਆਲ ਵਿਚ ਸਿਰਫ ਸਰਮਾਏਦਾਰਾਂ ਦੀ ਅਦਲਾ ਬਦਲੀ ਹੋਵੇਗੀ। ਇਸ ਲਈ ਲੋੜ ਹੈ ਇਸ ਮੋਰਚੇ ਦੀ ਸ਼ਹਿਰਦਤਾ ਉਪਰ ਗੰਭੀਰਤਾ ਨਾਲ ਸੋਚਣ ਦੀ ਮੋਰਚਾ ਚਲਾਉਣ ਵਾਲਿਆਂ ਅਤੇ ਸਰਕਾਰ ਨੇ ਇਸ ਮੋਰਚੇ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਹੈ ਉਸ ਨਾਲ ਇਹਨਾਂ ਫਿਰਕੂ ਦੰਗਿਆਂ ਤੱਕ ਪਹੁੰਚਣ ਤੋਂ ਬਿਨਾਂ ਕੁਝ ਨਹੀਂ ਸੀ ਹੋ ਸਕਦਾ। ਪਿਛਲੇ ਕੁਝ ਸਮੇਂ ਵਿਚ ਪੰਜਾਬ ਅਤੇ ਹਰਿਆਣੇ ਵਿਚ ਜੋ ਕੁਝ ਹੋਇਆ ਹੈ ਉਹ ਆਮ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ, ਹਾਂ ਸਰਕਾਰ ਚਲਾਉਣ ਵਾਲਿਆਂ ਅਤੇ ਮੋਰਚਾ ਲਾਉਣ ਵਾਲਿਆਂ ਲੀਡਰਾਂ ਦੇ ਮਸਲਿਆਂ ਦਾ ਭਾਵੇਂ ਕੋਈ ਹੱਲ ਹੋਵੇ।

ਹਿੰਦੁਸਤਾਨ ਵਿਚ ਲੋਕਾਂ ਨੂੰ ਮੁਸ਼ਕਲਾਂ ਸਿਰਫ ਪੰਜਾਬ ਵਿਚ ਹੀ ਨਹੀਂ ਆਉਂਦੀਆਂ ਹਰ ਸੂਬੇ ਵਿਚ ਲੋਕ ਦੁਖੀ ਹਨ। ਇਕੱਲੇ ਸਿਖ ਹੀ ਦੁਖੀ ਨਹੀਂ ਹਿੰਦੂ, ਮੁਸਲਮਾਨ, ਇਸਾਈ, ਬੋਧੀ ਸਾਰੇ ਦੇ ਸਾਰੇ ਹੀ ਗਰੀਬੀ ਦੇ ਪੁੜਾਂ ਵਿਚ ਪਿਸ ਰਹੇ ਹਨ। ਲੋੜ ਹੈ ਹਾਲਾਤ ਨੂੰ ਠੀਕ ਤਰੀਕੇ ਨਾਲ ਦੇਖਣ ਦੀ ਨਾ ਕਿ ਧਾਰਮਿਕ ਜਨੂੰਨ ਥੱਲੇ ਖੂਨ ਵਹਾਉਣ ਦੀ। ਇਸ ਖੂਨ ਖਰਾਬੇ ਨਾਲ ਜੋ ਨੁਕਸਾਨ ਹੁੰਦਾ ਹੈ ਉਹ ਕਦੀ ਵੀ ਪਤਾ ਨਹੀਂ ਹੁੰਦਾ। ਜਿਵੇਂ ਤੁਸੀਂ ਸਾਰੇ ਜਾਣਦੇ ਹੋ ਕਿ ਕੁਝ ਦਿਨ ਪਹਿਲਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਪੋਤਾ ਸੁਮੀਤ ਸਿੰਘ ਜੋ ਅੱਜ ਕੱਲ ਪ੍ਰੀਤਲੜੀ ਦਾ ਸੰਪਾਦਕ ਸੀ ਦਾ ਕਤਲ ਕਰ ਦਿਤਾ ਗਿਆ। ਇਕ ਹੋਣੀਆਂ ਭਰੇ ਨੌਜਵਾਨ ਨੂੰ ਖਤਮ ਕਰ ਦੇਣ ਨਾਲ ਜੋ ਪੰਜਾਬੀ ਬੋਲੀ ਸਾਹਿਤ ਤੇ ਪੰਜਾਬੀਅਤ ਨੂੰ ਘਾਟਾ ਪਿਆ ਹੈ ਕੀ ਉਹ ਕਦੀ ਪੂਰਾ ਕੀਤਾ ਜਾ ਸਕਦਾ ਹੈ? ਇਸੇ ਤਰ੍ਹਾਂ ਪੰਜਾਬ ਤੇ ਹਰਿਆਣੇ ਦੇ ਵੱਖ ਵੱਖ ਇਲਾਕਿਆਂ ਵਿਚ ਅਨੇਕਾਂ ਕਤਲ ਹੋਏ ਹਨ ਤੇ ਹੋ ਰਹੇ ਹਨ। ਇਸ ਤੋਂ ਪਹਿਲਾਂ ਕਿ ਕਤਲਾਂ ਦਾ ਇਹ ਸਿਲਸਿਲਾ ਸਾਡਾ ਸਭ ਕੁਝ ਤਬਾਹ ਕਰ ਜਾਵੇ ਸਾਨੂੰ ਸੋਚਣਾ ਚਾਹੀਦਾ ਹੈ ਤੇ ਇਸ ਹਨੇਰਗਰਦੀ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਸਾਡੇ ਅੱਜ ਦੇ ਇਹ ਡਰਾਮੇ ਇਸੇ ਪਾਸੇ ਇਕ ਕੋਸ਼ਿਸ਼ ਹਨ।

ਪੰਜਾਬੀ ਡਰਾਈਵਿੰਗ ਗਾਈਡ ਬਾਬੂ ਬਾਂਸਲ ਦਾ ਲਾਸਾਨੀ ਕਾਰਨਾਮਾ



ਪੰਜਾਬੀ ਕਮਿਊਨਿਟੀ ਲਈ ਜੋ ਕੰਮ ਬਾਬੂ ਬਾਂਸਲ ਨੇ ਕੀਤਾ ਹੈ, ਉਸਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ। ਕਾਰ ਚਲਾਉਣ ਸਿੱਖਣ ਬਾਰੇ ਗਾਈਡ ਨੂੰ ਪੰਜਾਬੀ ਰੂਪ ਦੇਕੇ ਛਾਪਣਾ ਬਾਬੂ ਬਾਂਸਲ ਦੀ ਹਿੰਮਤ ਦਾ ਸਿੱਟਾ ਹੈ

ਬਾਬੂ ਬਾਂਸਲ ਕਮਿਊਨਿਟੀ ਦਾ ਜਾਣਿਆ ਪਛਾਣਿਆ ਨਾਂ ਹੈ। ਉਹ ਕਾਫੀ ਲੰਮੇ ਅਰਸੇ ਤੋਂ ਵੈਨਕੂਵਰ ਵਿਚ ਐਡਵਾਂਸ ਡਰਾਈਵਿੰਗ ਸਕੂਲ ਚਲਾ ਰਹੇ ਹਨ, ਉਨ੍ਹਾਂ ਦਾ ਦਫਤਰ 4677 ਮੇਨ ਸਟਰੀਟ ਤੇ ਸਥਿਤ ਹੈ।

ਕੈਨੇਡਾ ਵਿਚ ਡਰਾਈਵਿੰਗ ਗਾਈਡ ਨੂੰ ਪੰਜਾਬੀ ਵਿਚ ਉਲਥਾਉਣ ਅਤੇ ਛਾਪਣ ਦਾ ਸਿਹਰਾ ਬਾਬੂ ਬਾਂਸਲ ਦੇ ਸਿਰ ਹੈ। ਏਥੇ ਦੀਆਂ ਪੰਜਾਬੀ ਨੂੰ ਪ੍ਰਫੁਲਤ ਕਰਨ ਦੀਆਂ ਡੀਂਗਾਂ ਮਾਰਨ ਵਾਲੀਆਂ ਸੰਸਥਾਵਾਂ ਦਾ ਪੰਜਾਬੀ ਬੋਲੀ ਪ੍ਰਤੀ ਮੋਹ ਕੇਵਲ ਗੱਲਾਂਬਾਤਾਂ ਤੱਕ ਸੀਮਤ ਹੈ ਜਦ ਕਿ ਬਾਬੂ ਬਾਂਸਲ ਨੇ ਆਪਣੇ ਪੰਜਾਬੀ ਲੋਕਾਂ ਲਈ ਕਾਰਾਂ ਚਲਾਉਣੀਆਂ ਸਿੱਖਣ ਲਈ ਸੌਖ ਪੈਦਾ ਕਰਨ ਲਈ ਮੁਸ਼ਕਲ ਤੇ ਤਕਨੀਕੀ ਕੰਮ ਨੂੰ ਏਨੇ ਸੌਖੇ ਢੰਗ ਨਾਲ ਪੇਸ਼ ਕੀਤਾ ਹੈ ਕਿ ਹਰ ਪੰਜਾਬੀ ਪੜ੍ਹਨ ਵਾਲਾ ਸਾਰੇ ਤਕਨੀਕੀ ਨੁਕਤਿਆਂ ਨੂੰ ਸਹਿਜੇ ਹੀ ਸਮਝ ਜਾਂਦਾ ਹੈ। ਇਹ ਗਾਈਡ ਆਪਣੇ ਤਰ੍ਹਾਂ ਦੀ ਕੈਨੇਡਾ ਵਿਚ ਘੱਟ ਗਿਣਤੀ ਬੋਲੀਆਂ ਵਿਚ ਛਪੀ ਪਹਿਲੀ ਗਾਈਡ ਹੈ। ਜਿਨ੍ਹਾਂ ਨੂੰ ਅੰਗਰੇਜ਼ੀ ਘੱਟ ਆਉਂਦੀ ਹੈ, ਉਨ੍ਹਾਂ ਲਈ ਇਹ ਪੁਸਤਕ ਡਰਾਈਵਿੰਗ ਬਾਰੇ ਜਾਚ ਸਿੱਖਣ ਲਈ ਬਹੁਤ ਲਾਹੇਬੰਦ ਸਾਬਤ ਹੋਵੇਗੀ।

ਇਸ ਅਦੁੱਤੀ ਕੰਮ ਨੂੰ ਸਿਰੇ ਚਾੜ੍ਹਨ ਲਈ ਬਾਬੂ ਬਾਂਸਲ ਨੂੰ ਦੋ ਵਰ੍ਹੇ ਤੋਂ ਵੱਧ ਸਮਾਂ ਲੱਗਾ ਹੈ। 60 ਸਫਿਆਂ ਦੇ ਇਸ ਗਾਈਡ ਵਿਚ ਹਰ ਨੁਕਤੇ ਨੂੰ ਬੜੇ ਸੁਲਝੇ ਢੰਗ ਨਾਲ ਸਮਝਾਇਆ ਗਿਆ ਹੈ। ਇਹ ਕੰਮ ਬਾਬੂ ਬਾਂਸਲ ਲਈ ਉਂਝ ਓਪਰਾ ਨਹੀਂ ਹੈ ਕਿਉਂਕਿ ਪਿਛਲੇ ਕਿੰਨੇ ਵਰ੍ਹਿਆਂ ਤੋਂ ਉਹ ਡਰਾਈਵਿੰਗ ਸਿਖਾ ਰਿਹਾ ਹੈ। ਵੱਡੀ ਮੁਸ਼ਕਲ ਇਸ ਗਾਈਡ ਨੂੰ ਬੀ. ਸੀ. ਸਰਕਾਰ ਦੀ ਟਰਾਂਸਪੋਰਟ ਤੇ ਹਾਈਵੇਜ਼ [illegible] ਹੌਂਸਲ ਕੀਤੀ। ਬਾਂਸਲ ਨੇ ਬੜੀਆਂ ਮੁਸ਼ਕਲਾਂ ਨਾਲ ਹਾਸਲ ਕੀਤੀ।

ਪੰਜਾਬੀ ਡਰਾਈਵਿੰਗ ਗਾਈਡ ਪੰਜਾਬ ਤੋਂ ਨਵੇਂ ਆਏ ਪੰਜਾਬੀਆਂ ਲਈ ਬਹੁਤ ਲਾਹੇਵੰਦ ਰਹੇਗੀ। ਦੂਜੇ ਪੰਜਾਬੀਆਂ ਨੂੰ ਅੰਗਰੇਜ਼ੀ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ, ਉਨ੍ਹਾਂ ਨੂੰ ਪੰਜਾਬੀ ਵਿਚ ਪੜ੍ਹ ਕੇ ਔਖੇ ਸਵਾਲ ਸਹਿਜੇ ਹੀ ਸਮਝ ਆ ਸਕਦੇ ਹਨ। ਗਾਈਡ ਦੀ ਵੱਡੀ ਖੂਬੀ ਇਹ ਹੈ ਕਿ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਬੋਲੀਆਂ ਨਾਲੋਂ ਨਾਲ ਦਿਤੀਆਂ ਗਈਆਂ ਹਨ ਇਸ ਤਰ੍ਹਾਂ ਕਾਨੂੰਨੀ ਨੁਕਤਿਆਂ ਨੂੰ ਸਮਝਣਾ ਸੁਖਾਲਾ ਸਾਬਤ ਹੁੰਦਾ ਹੈ। ਇਸ ਪੁਸਤਕ ਦਾ ਹਰ ਪੰਜਾਬੀ ਘਰ ਵਿਚ ਹੋਣਾ ਜ਼ਰੂਰੀ ਹੈ। ਜਿਨ੍ਹਾਂ ਨੇ ਨਵੇਂ ਲਾਇਸੰਸ ਲੈਣੇ ਹਨ, ਉਨ੍ਹਾਂ ਲਈ ਤਾਂ ਇਹ ਵਰਦਾਨ ਸਾਬਤ ਹੋਵੇਗੀ ਹੀ, ਪਰ ਜਿਨ੍ਹਾਂ ਲਾਇਸੰਸ ਲਏ ਹੋਏ ਵੀ ਹਨ, ਉਹ ਪੰਜਾਬੀ ਵਿਚ ਪੜ੍ਹ ਕੇ ਤਕਨੀਕੀ ਤੇ ਕਾਨੂੰਨੀ ਨੁਕਤਿਆਂ ਵਿਚ ਮੁਕੰਮਲ ਮੁਹਾਰਤ ਹਾਸਲ ਕਰ ਸਕਦੇ ਹਨ।

ਬਾਬੂ ਬਾਂਸਲ ਤਜਰਬੇਕਾਰ ਇਨਸਟਰਕਟਰ ਹਨ। ਉਨ੍ਹਾਂ 1974 ਵਿਚ ਮੋਟਰ ਵਹੀਕਲ ਬਰਾਂਚ ਵਿਚ ਇੰਟਰਪ੍ਰੇਟਰ ਦੇ ਤੌਰ ਤੇ ਕੰਮ ਆਰੰਭ ਕੀਤਾ। 1975 ਤੋਂ ਉਹ ਡਰਾਈਵਿੰਗ ਸਿਖਾ ਰਹੇ ਹਨ। ਬਹੁਤੇ ਵੈਨਕੂਵਰ ਵਾਲਿਆਂ ਬਾਬੂ ਬਾਂਸਲ ਦੀ ਅਗਵਾਈ ਥੱਲੇ ਹੀ ਕਾਰਾਂ ਚਲਾਉਣ ਦੇ ਲਾਇਸੰਸ ਲਏ ਹਨ

ਇਹ ਪੁਸਤਕ ਕੁਝ ਦਿਨਾਂ ਵਿਚ ਹੀ ਰੀਲੀਜ਼ ਹੋਣ ਵਾਲੀ ਹੈ ਤੇ ਹਰ ਪੰਜਾਬੀ ਨੂੰ ਬਾਬੂ ਬਾਂਸਲ ਦੇ ਕੀਤੇ ਇਸ ਕੰਮ ਲਈ ਹੱਲਾਸ਼ੇਰੀ ਦੇਣੀ ਬਣਦੀ ਹੈ ਤੇ ਹਰ ਪੰਜਾਬੀ ਘਰ ਵਿਚ ਇਹ ਪੰਜਾਬੀ ਗਾਈਡ ਹੋਣੀ ਜ਼ਰੂਰੀ ਹੈ।

ਏਸ਼ੀਆ ਬੁੱਕ ਕੰਪਨੀ ਨੂੰ ਇਸ ਗੱਲ ਦਾ ਮਾਣ ਹੈ ਕਿ ਉਨ੍ਹਾਂ ਪੁਸਤਕ ਦੀ ਤਿਆਰੀ ਵਿਚ ਆਪਣਾ ਯਥਾਯੋਗ ਯੋਗਦਾਨ ਪਾਇਆ ਹੈ ਤਾਂਕਿ ਪੰਜਾਬੀਆਂ ਦੀ ਇਸ ਮੁਸ਼ਕਲ ਸਮੱਸਿਆ ਦਾ ਸਮਾਧਾਨ ਹੋ ਸਕੇ।

"ਕੈਨੇਡਾ ਦਰਪਣ' ਬਾਬੂ ਬਾਂਸਲ ਨੂੰ ਇਸ ਉਤਮ ਕੰਮ ਲਈ ਵਧਾਈ ਪੇਸ਼ ਕਰਦਾ ਹੈ।

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ

ਚਰਚਾ

'ਕੈਨੇਡਾ ਦਰਪਣ' ਦੇ 24 ਫਰਵਰੀ Week Ending ਵਾਲੇ ਅੰ[illegible] ਵਿਚ ਸੁਰਜੀਤ ਸਿੰਘ ਸੰਧੂ ਦਾ ਲਿਖਿਆ, 'ਸੁਣ ਵੇ ਭਾਈ ਲਾਲੋ' ਪੜ੍ਹਕੇ ਬ[illegible] ਖੁਸ਼ੀ ਹੋਈ। ਇਤਨਾ ਸਪੱਸ਼ਟ ਲਿਖਣਾ ਅੱਜ ਦੀ ਬਹੁਤ ਵੱਡੀ ਜ਼ਰੂਰਤ [illegible] ਉਨ੍ਹਾਂ ਦੀਆਂ ਪਹਿਲੀਆਂ ਲਿਖਤਾਂ ਵੀ ਪੜ੍ਹੀਆਂ ਸਨ ਜੋ ਤਕਰੀਬਨ [illegible] ਤਰ੍ਹਾਂ ਦੀਆਂ ਹੀ ਹੁੰਦੀਆਂ ਸਨ।

ਉਨ੍ਹਾਂ ਸਿਖ ਧਰਮ ਨੂੰ ਜੱਫਾ ਮਾਰੀ ਬੈਠੇ ਅੱਜ ਦੇ ਮਲਕ ਭਾਗੋਆਂ [illegible] ਗਲ ਗੁਰੂ ਦੇ ਅਸਲੀ ਸਿੱਖਾਂ, ਦਸਾਂ ਨੌਹਾਂ ਦੀ ਕਿਰਤ ਕਰਨ ਵਾਲਿਆਂ ਅੱ[illegible] ਦੇ ਭਾਈ ਲਾਲੋਆਂ ਨਾਲ ਕੀਤੀ ਹੈ।

ਇਹ ਅੱਜ ਦੇ ਭਾਈ ਲਾਲੋ ਕੌਣ ਸਨ ?

ਫਾਰਮਾਂ ਵਿਚ ਕੰਮ ਕਰਨ ਵਾਲੇ, ਮਿੱਲਾਂ, ਫੈਕਟਰੀਅ[illegible] ਫਾਊਂਡਰੀਆਂ, ਰੈਸਟੋਰੈਂਟਾਂ, ਹੋਟਲਾਂ, ਦਫਤਰਾਂ ਆਦਿ ਵਿਚ ਸਫਾਈ ਦਾ ਕੰ[illegible] ਕਰਨ ਵਾਲੇ, ਕੱਪੜੇ ਸੀਣ ਵਾਲੇ ਅਤੇ ਘਰਾਂ ਦੀਆਂ ਛੱਤਾਂ ਉਪਰ ਸਿੰਗ[illegible] ਲਾਉਣ ਵਾਲੇ ਆਦਿ ਹਨ ਅੱਜ ਦੇ ਭਾਈ ਲਾਲੋ। ਇਨ੍ਹਾਂ ਭਾਈ ਲਾਲੋਆਂ [illegible] ਕੰਮ ਕਰਨ ਦਾ ਢੰਗ ਹੀ ਗੁਰੂ ਨਾਨਕ ਦੇ ਭਾਈ ਲਾਲੋ ਨਾਲੋਂ ਕੁਝ ਵੱਖ[illegible] ਹੋਇਆ ਹੈ। ਪਰ ਇਨ੍ਹਾਂ ਦਾ ਖੂਨ ਅੱਜ ਦਾ ਮਲਕ ਭਾਗੋ ਉਸੇ ਤਰ੍ਹਾਂ ਹੀ ਨਿਚੋ[illegible] ਰਿਹਾ ਹੈ ਜਿਵੇਂ ਗੁਰੂ ਨਾਨਕ ਦੇ ਸਮੇਂ ਦਾ ਮਲਕ ਭਾਗੋ ਨਿਚੋੜਦਾ ਸੀ

ਅੱਜ ਦੇ ਮਲਕ ਭਾਗੋ ਕੌਣ ਹਨ ?

ਫਾਰਮਾਂ ਦੇ ਠੇਕੇਦਾਰ, ਮਿੱਲ ਮਾਲਕ, ਵੱਡੇ ਵੱਡੇ ਫਾਰਮ ਮਾਲਕ ਅ[illegible] ਇਸੇ ਤਰ੍ਹਾਂ ਹੀ ਹਰ ਉਸ ਚੀਜ਼ ਦੇ ਮਾਲਕ ਜੋ ਭਾਈ ਲਾਲੋ ਦਾ ਹੱਕ ਮਾਰ[illegible] ਵਾਲੇ ਹਨ, ਮਜ਼ਦੂਰ ਦੀ ਰੱਤ ਨਿਚੋੜਨ ਵਾਲੇ ਹਨ। ਉਹ ਸਾਰੇ ਮਾਲਕ ਹ[illegible] ਅੱਜ ਦੇ ਮਾਲਕ ਭਾਗੋ। ਅੱਜ ਵੀ ਗੁਰੂ ਨਾਨਕ ਇਨ੍ਹਾਂ ਮਲਕ ਭਾਗੋਆਂ [illegible] ਖਾਣੇ ਵਿਚੋਂ ਗਰੀਬਾਂ, ਮਜ਼ਦੂਰਾਂ ਜੋ ਕਿ ਅੱਜ ਦੇ ਭਾਈ ਲਾਲੋ ਹਨ ਇਨ੍ਹਾਂ [illegible] ਖੂਨ ਨੁਚੜਦਾ ਦਿਖਾ ਸਕਦਾ ਹੈ।

ਸੁਰਜੀਤ ਨੇ ਸਿੱਖੀ ਸਰੂਪ ਵਿਚ ਛੁਪ ਬੈਠੇ ਮਲਕ ਭਾਗੋਆਂ ਅਤੇ ਮਸੰ[illegible] ਦੀਆਂ ਕਰਤੂਤਾਂ ਨੂੰ ਨੰਗਿਆਂ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਖਬਰਦਾਰ ਕੀ[illegible] ਹੈ ਕਿ ਸਿੱਖ ਦੇ ਲਿਬਾਸ ਵਿਚ, ਸਰੂਪ ਵਿਚ ਹਰ ਇਨਸਾਨ ਭਾਈ ਲਾਲੋ ਨ[illegible] ਹੁੰਦਾ ਬਲਕਿ ਮਲਕ ਭਾਗੋ ਵੀ ਹੁੰਦੇ ਹਨ। ਅੱਜ ਕਿਸੇ ਗੁਰੂ ਨਾਨਕ ਨੇ ਆ[illegible] ਭਾਈ ਲਾਲੋ ਅਤੇ ਮਲਕ ਭਾਗੋ ਦੇ ਖਾਣਿਆਂ ਵਿਚੋਂ ਦੁੱਧ ਅਤੇ ਲਹੂ ਨਿਚੋ[illegible] ਦੇ ਨਹੀਂ ਦਿਖਾਲਣਾ। ਅੱਜ ਤਾਂ ਖੁਦ ਹੀ ਭਾਈ ਲਾਲੋ ਨੂੰ (ਮਜ਼ਦੂਰ) ਆਪ ਦੁੱਧ ਦੀ, ਲਹੂ ਦੀ ਰੱਖਿਆ ਹੋਰ ਭਾਈ ਲਾਲੋਆਂ ਨਾਲ ਮਿਲਕੇ ਕਰਨੀ ਪੈ[illegible] ਹੈ।

ਅਸੀਂ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਸੁਰਜੀਤ ਸਿੰਘ ਸੰਧੂ ਮਜ਼ਦੂ[illegible] ਵਰਗ ਬਾਰੇ, ਧਰਮ ਦੇ ਨਾਂ ਹੇਠ ਹੁੰਦੀ ਲੁੱਟ ਬਾਰੇ, ਗੁਰਦੁਆਰਿਆਂ ਅੰਦਰ ਵ[illegible] ਬੈਠੇ ਮਸੰਦਾਂ ਬਾਰੇ ਦਿਲ ਖੋਲ੍ਹ ਕੇ ਪ੍ਰਤੀਬੱਧਤਾ ਨਾਲ ਲਿਖਦੇ ਰਹਿਣਗੇ

ਵਲੋਂ : ਵੈਨਕੂਵਰ ਸੱਥ

—ਜੀਵਨ ਹੈ ਤਾਂ ਅਨੰਦ ਹੈ,
ਮਿਹਨਤ ਹੈ ਤਾਂ ਜੀਵਨ ਹੈ.

—ਟਾਲਸ਼ਟਾਏ

[illegible]

ਜ਼ਖਮੀ ਹੋਇਆ ਪੰਛੀ ਆਪਣਾ ਜ਼ਖਮ ਪਰਾਂ ਥਲੇ ਛੁਪਾ ਲੈਂਦਾ ਹੈ, ਉਸੇ ਤਰ੍ਹਾਂ ਔਰਤ ਆਪਣਾ ਦੁਖ ਮਰਦ ਕੋਲੋਂ ਛੁਪਾ ਲੈਂਦੀ ਹੈ.

—ਸ਼ੇਕਸਪੀਅਰ

—ਪਵਿਤਰਤਾ ਦੇ ਫੁਲ, ਮਨ ਦੇ ਬਗੀਚੇ ਵਿਚ ਹੀ ਖਿੜਦੇ ਹਨ.

—ਜਵਾਹਰ ਲਾਲ ਨਹਿਰੂ

—ਦੋਸਤ ਤਲਾਸ਼ ਕੀਤਿਆਂ ਨਹੀਂ, ਸਗੋਂ ਰਾਹ ਜਾਂਦਿਆਂ ਆਪਣੇ ਆਪ ਹੀ ਮਿਲ ਜਾਂਦਾ ਹੈ.

—ਵਿਵੇਕਾ ਨੰਦ

—ਮਨੁਖ ਤਾਂ ਬਹੁਤ ਹਨ, ਪਰ ਮਨੁਖਤਾ ਬਹੁਤ ਘਟ ਲੋਕਾਂ ਵਿਚ.

—ਜਦੋਂ ਤੁਹਾਡੇ ਅੰਦਰ ਦੂਜਿਆਂ ਪ੍ਰਤੀ ਹਮਦਰਦੀ ਨਹੀਂ ਤਾਂ ਤੁਸੀਂ ਭਾਵੇਂ ਸੰਸਾਰ ਦੇ ਸਭ ਤੋਂ ਵਧ ਬੁਧੀਵਾਦੀ ਹੋ, ਤੁਸੀਂ ਕੁਝ ਵੀ ਨਹੀਂ ਬਣ ਸਕਦੇ.

—ਵਿਵੇਕਾ ਨੰਦ

—ਆਦਮੀ ਓਨਾ ਹੀ ਮਹਾਨ ਹੈ ਜਿੰਨਾ ਉਹ ਲੋਕਾਂ ਦੀ ਭਲਾਈ ਦੇ ਕੰਮ ਕਰਦਾ ਹੈ.

—ਮਹਾਤਮਾ ਗਾਂਧੀ

—ਜੋ ਆਦਮੀ ਸਹੀ ਨਹੀਂ, ਉਹ ਮਹਾਨ ਨਹੀਂ ਹੋ ਸਕਦਾ.

—ਜਾਨਸਨ

ਬੇਨਜ਼ੀਰ ਭੁੱਟੋ ਵਾਸ਼ਿੰਗਟਨ ਵਿਚ



ਵਾਸ਼ਿੰਗਟਨ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਲੰਡਨ ਤੋਂ ਵਾਸ਼ਿੰਗਟਨ ਪਹੁੰਚ ਗਈ ਹੈ ਜਿਥੇ ਉਸਦੇ ਕੰਨ ਦਾ ਅਪਰੇਸ਼ਨ ਹੋਇਆ। 30 ਸਾਲਾ ਬੇਨਜ਼ੀਰ ਜ਼ੁਲਫੀਕਾਰ ਅਲੀ ਭੁਟੋ ਦੀ ਧੀ ਹੈ ਜਿਸਨੂੰ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਨੇ 1979 ਵਿਚ ਫਾਂਸੀ ਚੜ੍ਹਾ ਦਿਤਾ ਸੀ। ਬੇਨਜ਼ੀਰ ਤਿੰਨ ਸਾਲ ਕੈਦ ਵਿਚ ਰਹੀ ਹੈ।

ਬੇਨਜ਼ੀਰ ਦੇ ਸਿਹਤ ਦੇ ਕਾਰਨ ਉਸਨੂੰ ਰਿਹਾ ਕਰਨਾ ਪਿਆ। ਬੇਨਜ਼ੀਰ ਅਜੇ ਕੱਲ੍ਹ ਅਮਰੀਕਾ ਦੇ ਸੈਨੇਟਰਾਂ ਨੂੰ ਮਿਲਕੇ ਪਾਕਿਸਤਾਨ ਵਿਚ ਜ਼ਿਆ ਦੇ ਜ਼ੁਲਮਾਂ ਦੀ ਕਹਾਣੀ ਦੱਸੀ ਰਹੀ ਹੈ।

■ ਪੈਰਸ ਦੇ ਬਾਜ਼ਾਰ ਵਿੱਚ ਇੱਕ ਸ਼ਖਸ ਹੱਥ ਵਿੱਚ ਬੰਡਲ ਫੜੀ ਬੇਤਹਾਸ਼ਾ ਦੌੜਿਆ ਜਾ ਰਿਹਾ ਸੀ.

ਪੁਲਸ ਕਾਂਸਟੇਬਲ ਨੂੰ ਸ਼ੱਕ ਹੋਇਆ, ਉਸ ਨੇ ਉਸ ਵਿਅਕਤੀ ਨੂੰ ਰੋਕ ਕੇ ਪੁੱਛਿਆ, 'ਕਿੱਥੇ ਜਾ ਰਹੇ ਹੋ ? ਇਸ ਵਿੱਚ ਕੀ ਹੈ ?'

ਇਸ ਵਿੱਚ ਮੇਰੀ ਪ੍ਰੇਮਕਾ ਦੇ ਕੱਪੜੇ ਹਨ, ਉਹ ਵਿਅਕਤੀ ਹਫਦਿਆਂ ਹੋਇਆਂ ਬੋਲਿਆ, 'ਮੈਨੂੰ ਡਰ ਹੈ ਕਿ ਦੇਰ ਹੋ ਜਾਣ ਨਾਲ ਕਿਤੇ ਫੈਸ਼ਨ ਨਾ ਬਦਲ ਜਾਵੇ.' ਇਹ ਕਹਿੰਦੇ ਹੀ ਉਹ ਫਿਰ ਬੇਤਹਾਸ਼ਾ ਤੇਜ਼ੀ ਨਾਲ ਦੌੜ ਪਿਆ.



■ ਸਬਜ਼ੀ ਖ਼ਰੀਦਣ ਲਈ ਆਈ ਇੱਕ ਔਰਤ ਨੇ ਸਬਜ਼ੀ ਦੀ ਦੁਕਾਨ 'ਤੇ ਲੌਕੀ ਵਿੱਚ ਨਹੁੰ ਖੋਭਿਆ, ਮੂਲੀ ਦਾ ਹੇਠਲਾ ਹਿੱਸਾ ਤੋੜ ਕੇ ਦੇਖਿਆ, ਨਿੰਬੂ ਦਬਾ ਦੇ ਦੇਖੇ, ਟਮਾਟਰ ਨੱਕ ਦੇ ਕੋਲ ਲਿਜਾ ਕੇ ਸੁੰਘਿਆ. ਇਹ ਸਭ ਦੇਖ ਕੇ ਉਸ ਦੁਕਾਨਦਾਰ [illegible] ਪੁੱਛਿਆ, 'ਭੈਣ ਜੀ, ਕੀ ਤੁਸੀਂ

ਨੂਰਪੁਰੀ ਦੀ ਪਤਨੀ ਨੂੰ ਇਲਾਜ ਲਈ ਮਦਦ

ਕਪੂਰਥਲਾ — ਪੰਜਾਬੀ ਦੇ ਪ੍ਰਸਿੱਧ ਗੀਤਕਾਰ ਅਤੇ ਰਾਜਕਵੀ ਸਵਰਗੀ ਨੰਦ ਲਾਲ ਨੂਰਪੁਰੀ ਦੀ ਧਰਮ ਪਤਨੀ ਦੇ ਇਲਾਜ ਲਈ ਜ਼ਿਲਾ ਲੋਕ ਸੰਪਰਕ ਦਫਤਰ, ਕਪੂਰਥਲਾ ਦੇ 40 ਕਰਮਚਾਰੀਆਂ ਨੇ ਆਪਣੀ ਇਕ-ਇਕ ਦਿਨ ਦੀ ਤਨਖਾਹ ਦੇ 1000/-ਰੁਪਏ ਭੇਜੇ ਹਨ। ਨਿਊ ਬੈਂਕ ਆਫ ਇੰਡੀਆ ਭੰਡਾਲਬੇਟ ਬਰਾਂਚ ਦੇ ਮੈਨੇਜਰ ਸਰਦਾਰ ਐਮ. ਐਸ. ਢਿੱਲੋਂ ਨੇ ਵੀ 100/-ਰੁਪਿਆ ਦਿੱਤਾ ਹੈ। ਸ੍ਰੀਮਤੀ ਨੂਰਪੁਰੀ ਇਸ ਸਮੇਂ ਸਿਵਲ ਹਸਪਤਾਲ ਜਲੰਧਰ ਵਿਚ ਬੀਮਾਰ ਪਏ ਹਨ।

ਕਾਫਰ ਵੋਟਾਂ ਨਹੀਂ ਪਾ ਸਕਣਗੇ-ਜ਼ਿਆ

ਨਵੀਂ ਦਿੱਲੀ, (ਯੂ ਐਨ.ਅ ਈ.)—ਪਾਕਿਸਤਾਨ ਦੇ ਫੌਜੀ ਹਾਕਮ ਜਨਰਲ ਜ਼ਿਆ ਨੇ ਕਿਹਾ ਹੈ ਕਿ ਇਸਲਾਮੀ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ 'ਨੈਤਕ-ਨੀਚਤਾ' ਦੇ ਦੋਸ਼ੀ ਹੋਣਗੇ, ਅਤੇ ਉਸ ਵਲੋਂ ਜਿਹਨਾਂ ਚੋਣਾਂ ਦਾ ਵਾਅਦਾ ਅਗਲੇ ਸਾਲ ਮਾਰਚ ਮਹੀਨੇ ਵਿਚ ਕਰਾਉਣ ਦਾ ਕੀਤਾ ਗਿਆ ਗਿਆ ਹੈ, ਵਿਚ ਵੋਟਾਂ ਪਾਉਣ ਦੇ ਅਧਿਕਾਰੀ ਨਹੀਂ ਹੋਣਗੇ. ਇਹ ਕਹਿੰਦੇ ਹੋਏ ਕਿ ਦੇਸ਼ ਦੀਆਂ ਪੂਰਬੀ ਸਰਹੱਦਾਂ ਬਾਰੇ ਕੋਈ ਚਿੰਤਾ ਦੀ ਲੋੜ ਨਹੀਂ. ਉਸ ਨੇ ਕਿਹਾ ਕਿ ਵਿਦਿਆਰਥੀ ਯੂਨੀਅਨਾਂ ਉਪਰ ਲਗਾਈ ਗਈ ਪਾਬੰਦੀ ਦਾ ਉਸ ਦਾ ਫੈਸਲਾ 'ਨਾ ਬਦਲਣ' ਯੋਗ ਹੈ.

ਕੀ ਉਹ ਇਕ ਮਜ਼੍ਹਬ ਦੇ ਨਾਅਰੇ ਸਨ ! ਕੀ ਉਹ ਇਕ ਜ਼ਾਤ ਦਾ ਲਹੂ ਡੁਲਿਆ ਸੀ ?

ਹਿੰਦੂ, ਮੁਸਲਿਮ, ਸਿੱਖ, ਈਸਾਈ ਭਾਰਤ ਦੇ ਸਭਨਾਂ ਫਿਰਕਿਆਂ ਨੇ ਸਾਂਝਾ ਖੂਨ ਦਿਤਾ. ਜਲਿਆਂ ਵਾਲਾ ਬਾਗ, ਬਜਬਜ ਦਾ ਘਾਟ, ਪਿਸ਼ਾਵਰ ਦਾ ਕਿੱਸਾ ਖਵਾਨੀ, ਆਜ਼ਾਦ ਹਿੰਦ ਫੌਜ ਦੇ ਜੈ ਹਿੰਦ ਦੇ ਨਾਅਰੇ, ਜਿਸ ਨੇ ਸਾਮਰਾਜਵਾਦ ਦੀਆਂ ਜੜ੍ਹਾਂ ਹਿਲਾ ਦਿਤੀਆਂ ਸਨ ਜਿਥੇ ਭਗਤ ਸਿੰਘ ਨੇ ਫਾਂਸੀ ਦਾ ਰੱਸਾ ਚੁੰਮਿਆ, ਉਥੇ ਰਾਜ ਗੁਰੂ ਅਤੇ ਸੁਖਦੇਵ ਨੇ ਵੀ ਚੁੰਮਿਆ ਜਿਥੇ ਕਰਤਾਰ ਸਿੰਘ ਸਰਾਭੇ ਨੇ ਸ਼ਹਾਦਤ ਦਿਤੀ ਉਥੇ ਮਦਨ ਲਾਲ ਢੀਂਗਰਾ ਭੀ ਸਨ.

ਇਸਫਾਕ-ਉ-ਲਾ ਅਤੇ ਰਾਮ ਪ੍ਰਸ਼ਾਦ ਵਿਸਮਿਲ ਦੇ ਨਗਮੇ ਗਾਉਂਦੇ ਹੋਏ ਭਗਤ ਸਿੰਘ ਦੇ ਸਾਰੇ ਸਾਥੀ ਫਾਂਸੀ ਤੇ ਚੜੇ ਸਨ.

"ਸਰ-ਫਿਰੋਸੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਣਾ ਹੈ ਜ਼ੋਰ ਕਿਤਨਾ ਬਾਜ਼ੂ ਏ ਕਾਤਿਲ ਮੇ ਹੈ.

—ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ
ਜ਼ਿਲਾ ਸੰਗਰੂਰ.

ਸੂਚਨਾ

ਚੈਨਲ 10 : ਵੈਨਕੂਵਰ, ਬਰਨਬੀ ਤੇ ਰਿਚਮੰਡ ਵਿਚ
ਨਿਆਂ ਸੰਸਾਰ ਪ੍ਰੋਗਰਾਮ — ਅਪਰੈਲ 9 ਦੁਪਹਿਰ ਦੇ 1 ਵਜੇ ਸ਼ੁਰੂ ਹੋਵੇਗਾ

ਮੰਗਲਵਾਰ — 9 ਵਜੇ ਸਵੇਰੇ
ਸ਼ੁਕਰਵਾਰ — 8:30 ਵਜੇ ਸ਼ਾਮ ਅਤੇ
ਐਤਵਾਰ — 9 ਵਜੇ ਸਵੇਰੇ

ਹੋਰ ਜਾਣਕਾਰੀ ਲਈ ਫੋਨ ਕਰੋ :—

521-3473

(ਪੰਨਾ [illegible] ਦੀ ਬਾਕੀ)

ਹਾਸੋਹੀਣਾ ਲਗਣ ਲਗਿਆ ਰਾਜਨੀਤਕ ਜਾਪ ਜਾਂ ਸਾਹਿਤਕ ਇਕਤਰਤਾਵਾਂ ਅਤੇ ਕਾਨਫਰੰਸਾਂ ਵਿਚ ਗੋਲ ਮੋਲ ਅਰਥਾਂ ਵਾਲੇ ਅਤੇ ਅਸਲ ਹਾਲਤ ਨਾਲੋਂ ਟੁੱਟੇ ਹੋਏ ਮਤੇ ਪਾਸ ਕਰਨਾ, ਜਰਾਂ ਕਦੀ ਕਦੀ ਪੰਜ-ਪੰਜ ਦਸ-ਦਸ ਅਖੌਤੀ ਸਾਹਿਤਕਾਰਾਂ ਅਤੇ ਬੁਧੀਮਾਨਾਂ ਵਲੋਂ ਸੇਧ-ਹੀਣ, ਬੇ ਸਿਰਪੈਰ ਬਿਆਨ ਤੇ ਅਪੀਲਾਂ ਜਾਰੀ ਕੀਤੇ ਜਾਣਾ, ਜਿਹਨਾਂ ਦਾ ਮੂਲ ਮਨੋਰਥ ਆਪਣੀ ਹੋਂਦ ਜਤਾਉਣਾ ਅਤੇ ਵਿਸ਼ੇਸ਼ ਸ਼ਕਤੀਆਂ ਦੀ ਨਜ਼ਰੇ ਚੜ੍ਹਨਾ ਹੁੰਦਾ ਹੈ।

ਮੇਰੇ ਉਹ ਘਟਨਾ ਯਾਦ ਹੈ ਜਦੋਂ ਅਜ ਤੋਂ ਡੇਢ — ਦੋ ਸਾਲ ਪਹਿਲਾਂ ਮੈਂ ਪੰਜਾਬੀ ਲੇਖਕਾਂ ਦੀ ਇਕ ਪ੍ਰਮੁੱਖ ਜਥੇਬੰਦੀ ਦੇ ਉਸ ਸਮੇਂ ਦੇ ਇਕ ਪ੍ਰਮੁੱਖ ਅਹੁਦੇਦਾਰ ਨੂੰ ਬੇਨਤੀ ਕੀਤੀ ਸੀ ਕਿ ਪੰਜਾਬੀਆਂ ਦੇ ਇਕ ਹਿੱਸੇ ਨੇ ਕੁਝ ਮੰਗਾਂ ਲੈਕੇ ਅੰਦੋਲਨ ਕਰਨ ਦਾ ਫੈਸਲਾ ਕੀਤਾ ਹੈ ਸੋ ਸਾਨੂੰ ਲੇਖਕਾਂ ਅਤੇ ਬੁਧੀਮਾਨਾਂ ਨੂੰ ਵਾਜਬ-ਨਾਵਾਜਬ ਮੰਗਾਂ ਦਾ ਨਿਤਾਰਾ ਕਰਦਿਆਂ ਸਮੁਚੇ ਪੰਜਾਬੀਆਂ ਨਾਲ ਸਬੰਧਤ ਜਾਇਜ ਮੰਗਾਂ ਦੀ ਹਮਾਇਤ ਵਿਚ ਆਪਣਾ ਪੱਖਸਪਸ਼ਟ ਰੂਪ ਵਿਚ ਪੇਸ਼ ਕਰਨਾ ਚਾਹੀਦਾ ਹੈ ਅਤੇ ਆਪਣੀ ਆਵਾਜ਼ ਜ਼ੋਰਦਾਰ ਢੰਗ ਨਾਲ ਉੱਚੀ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਵਲੋਂ ਹਾਲਾਤ ਨੂੰ ਇਕੋ ਹਿਝੋਕੇ ਨਾਲ ਗਲਤ ਮੋੜ ਨਾ ਦਿਤਾ ਜਾ ਸਕੇ। ਮੇਰੀ ਗਲ ਨੂੰ ਠੱਠੇ ਵਿਚ ਉਡਾਂਦਿਆਂ ਜਵਾਬ ਮਿਲਿਆ ਸੀ, "ਕੌਣ ਹੈ ਗਲਤ ਮੋੜ ਦੇਣ ਵਾਲਿਆਂ ਨਾਲ? ਛੇਵਾਂ ਬੰਦਾ ਨਹੀਂ ਉਹਨਾ ਨਾਲ।" ਮੈਂ ਕਿਹਾ ਸੀ "ਅਫਸੋਸ ਹੈ, ਤੁਸੀਂ ਹਾਲਾਤ ਨੂੰ ਦੂਰੇਡੇ ਭਵਿਖ ਤੱਕ ਵੀ ਦੇਖ ਨਹੀਂ ਰਹੇ।"

ਤੇ ਲੇਖਕਾਂ ਅਤੇ ਬੁਧੀਮਾਨਾਂ ਦੀ ਇਸ ਨੇੜ-ਦ੍ਰਿਸ਼ਟੀ, ਇਸ ਸਿਥਲਤਾ ਇਸ ਬੇਅਮਲੀ ਅਤੇ ਹਾਲਤ ਦੀ ਇਸ ਨਾਸਮਝੀ ਉਤੇ ਕੇਵਲ ਅੱਥਰੂ ਹੀ ਕੇਰੇ ਜਾ ਸਕਦੇ ਹਨ।

ਰਾਜਨੀਤੀਵਾਨਾਂ ਨੇ ਫੈਸਲੇ ਆਪਣੀ ਆਪਣੀ ਰਾਜਨੀਤੀ ਅਨੁਸਾਰ ਕਰਨੇ ਹੁੰਦੇ ਹਨ। ਭਾਈਚਾਰੇ ਦੀ ਜੜ ਉਹਦੀ ਬੋਲੀ ਅਤੇ ਉਹਦਾ ਸਭਿਆਚਾਰ ਹੁੰਦੇ ਹਨ। ਅਸੀਂ ਲੇਖਕ ਅਤੇ ਬੁਧੀਮਾਨ ਅਸਲ ਵਾਰਸ ਹਾਂ ਪੰਜਾਬ ਦੀ ਸਾਂਝੀ ਬੋਲੀ ਦੇ ਅਤੇ ਪੰਜਾਬ ਦੇ ਸਾਂਝੇ ਸਭਿਆਚਾਰ ਦੇ। ਅਸੀਂ ਹਾਂ ਰਖਵਾਲੇ ਸਾਡੇ ਪੰਜਾਬੀ ਭਾਈਚਾਰੇ ਦੀ ਇਸ ਜੜ ਦੇ।

ਆਓ, ਜਥੇਬੰਦ ਮੁੱਢ ਬੰਨ੍ਹੀਏ! ਆਓ ਸੁਮੀਤ ਸਿੰਘ ਦੇ ਸੱਥਰ ਤੋਂ ਸ਼ੁਰੂ ਕਰੀਏ! ਇਸ ਭੜਕੇ ਹੋਏ ਦੌਰ ਵਿਚ ਉਹ ਪਹਿਲਾ ਸਾਹਿਤਕ ਸ਼ਹੀਦ ਹੈ। ਉਹਦੀ ਕੁਰਬਾਨੀ ਐਵੇਂ ਨਹੀਂ ਜਾਣੀ ਚਾਹੀਦੀ!

[illegible]
ਨਿਰਦੋਸ਼ਾ 'ਤੇ ਕੀਤੇ ਹੋਏ, ਲੈ ਡੁੱਬਣਗੇ ਕਹਿਰ .
ਮੈਂ ਵੀ ਤੇਰੇ ਨਾਲ ਤੁਰਾਂਗਾ, ਲੈ ਗ਼ਜ਼ਲਾਂ ਦੇ ਬੋਲ,
ਬਲਦੀ ਰੁੱਤੇ ਕੋਲ ਅਸਾਡੇ, ਇੱਕ ਪਲ ਯਾਰਾ ਠਹਿਰ .

ਚੌਲਾਂ ਦੀਆਂ ਸਵਾ ਲੱਖ ਕਿਸਮਾਂ

ਲਾਸ ਬੇਨਸ (ਫਿਲਪਾਈਨ) (ਯੂ. ਐਨ. ਆਈ.)-ਮਾਹਰ ਵਿਸ਼ਵਾਸ਼ ਕਰਦੇ ਹਨ ਕਿ ਇਸ ਵੇਲੇ ਸੰਸਾਰ ਵਿਚ ਚੌਲ ਦੀਆਂ ਇਕ ਲਖ 20 ਹਜ਼ਾਰ ਕਿਸਮਾਂ ਹਨ. ਉਘੇ ਖੇਤੀ ਵਿਗਿਆਨੀ ਡਾ: ਐਮ. ਸਵਾਮੀਨਾਥਨ ਮੁਤਾਬਕ ਭੂਮੀ ਵਿਕਾਸ ਤੇ ਜੰਗਲਾਤ ਖਾਤਮੇ ਕਾਰਨ ਕਈ ਕਿਸਮਾਂ ਅਲੋਪ ਹੋ ਰਹੀਆਂ ਹਨ.

ਉਹਨਾਂ ਦਸਿਆ ਕਿ ਕੌਮਾਂਤਰੀ ਚੌਲ ਖੋਜ ਸੰਸਥਾ ਨੇ ਹੁਣ ਤਕ 70 ਹਜ਼ਾਰ ਕਿਸਮਾਂ ਦਾ ਪਤਾ ਲਾਇਆ ਹੈ.

ਧਾਰਮਿਕ ਦਰਪਣ

ਮੂਲ ਮੰਤ੍ਰ

ਕਿਸ਼ਤ ਦਸਵੀਂ

ਅਜੂਨੀ ਸੈਭੰ

ਹਰਚੰਦ ਸਿੰਘ (ਮੈਨੀਟੋਬਾ)

(1) ਕਰਤਾਰ-ਗੁਰੂ ਅਤੇ ਸਰੀਰ

ਅਕਾਲ ਪੁਰਖ ਨੂੰ ਗੁਰੂ ਨਾਨਕ ਅਤੇ ਬਾਕੀ ਗੁਰੂ ਸਾਹਿਬਾਨ ਆਪਣਾ ਗੁਰੂ ਮੰਨਦੇ ਹਨ। ਇਸ ਦੇ ਨਾਲ ਹੀ ਉਹ ਉਸ ਅਦੁੱਤੀ ਪੁਰਖ ਨੂੰ 'ਓਅੰਕਾਰ', 'ਏਕੰਕਾਰ' ਅਤੇ 'ਨਿਰੰਕਾਰ' ਦਸੱਦੇ ਹਨ। ਇਹਨਾਂ ਸ਼ਬਦਾਂ ਦਾ ਅਰਥ ਹੈ ਸਰੀਰ-ਰਹਿਤ ਸਚਾਈ, ਉਹ ਸਚਾਈ ਜਿਸ ਦੀ ਹੋਂਦ ਦਾ ਪੰਜ-ਭੌਤਿਕ ਸਰੀਰ ਜ਼ਰੂਰੀ ਅੰਸ਼ ਨਹੀਂ। ਇਸ ਦਾ ਭਾਵ ਇਹ ਹੋਇਆ ਕਿ ਅਕਾਲ ਪੁਰਖ ਸਰੀਰ-ਧਾਰੀ ਨਾ ਹੁੰਦਿਆਂ ਹੋਇਆਂ ਵੀ ਅਗਿਆਨ ਅਨ੍ਹੇਰੇ ਨੂੰ ਦੂਰ ਕਰਨ ਵਾਲੀ ਹੋਂਦ ਜਾਂ ਹਸਤੀ ਹੈ।

(2) ਸ਼ਬਦ-ਗੁਰੂ ਅਤੇ ਸਰੀਰ

ਕੀ ਸ਼ਬਦ-ਗੁਰੂ ਦਾ ਕੋਈ ਸਰੀਰ ਹੈ? ਆਕਾਰ-ਰਹਿਤ ਪ੍ਰਮਾਤਮਾ ਦਾ ਭੇਜਿਆ ਹੋਇਆ ਸ਼ਬਦ, ਜਿਸ ਨੂੰ ਸਿੱਖ ਜਗਤ ਆਪਣਾ ਗੁਰੂ ਮੰਨਦਾ ਹੈ, ਦਾ ਆਪਣਾ ਕੋਈ ਸਰੀਰ ਨਹੀਂ ਹੈ। ਸ਼ਬਦ ਹਰ ਪ੍ਰਕਾਰ ਦੇ ਸਰੀਰ ਤੋਂ ਵੱਖਰੀ ਆਪਣੀ ਸਵੈਧੀਨ ਅਤੇ ਸੁਤੰਤਰ ਹੋਂਦ ਰੱਖਦਾ ਹੈ। ਇਕ ਦੂਜੀ ਗੱਲ ਇਹ ਹੈ ਕਿ ਇਸ ਸ਼ਬਦ ਦੇ ਭਾਵ ਨੂੰ ਪੰਜ-ਭੌਤਿਕ ਸਰੀਰ ਰੱਖਣ ਵਾਲੇ ਵਿਅਕਤੀਆਂ ਤਾਈਂ ਪਹੁੰਚਾਉਣ ਅਤੇ ਪ੍ਰਗਟ (express) ਕਰਨ ਲਈ ਕਾਗਜ਼ ਦੇ ਪੰਨਿਆਂ, ਲਿਪੀ ਦੇ ਅੱਖਰਾਂ ਅਤੇ ਸਿਆਹੀ ਦੀ ਸਹਾਇਤਾ ਲਈ ਜਾਂਦੀ ਹੈ। ਕਾਗਜ਼, ਅੱਖਰ ਅਤੇ ਸਿਆਹੀ, ਸ਼ਬਦ ਨੂੰ ਪ੍ਰਗਟ ਕਰਨ ਦੇ ਕੇਵਲ ਸਾਧਨ ਹਨ, ਅਲਾਹੀ ਬਾਣੀ ਦੇ ਤੱਤ ਨੂੰ ਉਪਜਾਉਣ ਜਾਂ ਨੀਯਤ ਕਰਨ ਵਿਚ, ਇਹਨਾਂ ਭੌਤਿਕ ਪਦਾਰਥਾਂ ਦਾ ਆਪਣਾ ਕੋਈ ਯੋਗਦਾਨ ਜਾਂ ਕਰਤੱਵ ਨਹੀਂ ਹੈ।

ਕਰਤਾਰ-ਗੁਰੂ ਵਾਂਗ, ਸ਼ਬਦ-ਗੁਰੂ ਵੀ ਸਰੀਰ ਨਾ ਰੱਖਣ ਵਾਲਾ, ਸੰਸਾਰੀ ਜੀਵਾਂ ਦੀ ਅਗਿਆਨਤਾ ਮਿਟਾਉਣ ਵਾਲਾ ਪ੍ਰਕਾਸ਼ ਹੈ।

(3) ਵਿਅਕਤੀ ਗੁਰੂ ਅਤੇ ਸਰੀਰ

ਨਾਨਕ ਦੇਵ ਤੋਂ ਲੈ ਕੇ ਗੋਬਿੰਦ ਸਿੰਘ ਤਾਈਂ, ਸਪਸ਼ਟ ਰੂਪ ਵਿਚ ਪੰਜ-ਭੌਤਿਕ ਸਰੀਰ ਰੱਖਣ ਵਾਲੇ ਦਸ ਵਿਅਕਤੀ ਇਸ ਸੰਸਾਰ ਵਿਚ ਆਏ ਜਿਨ੍ਹਾਂ ਨੂੰ ਸਿੱਖ ਜਗਤ ਨੇ ਆਪਣਾ ਗੁਰੂ ਮੰਨਿਆ। ਪਰ ਏਥੇ ਸਾਡਾ ਸਵਾਲ ਇਹ ਹੈ ਕਿ ਨਾਨਕ ਅਤੇ ਗੋਬਿੰਦ ਸਿੰਘ ਵਿਚ ਉਹ ਕੇਹੜਾ ਗੁਣ ਜਾਂ ਵਿਸ਼ੇਸ਼ਤਾ ਸੀ ਜਿਸ ਕਾਰਨ ਉਹਨਾਂ ਨੂੰ ਗੁਰੂ ਦਾ ਨਾਉਂ ਦਿੱਤਾ ਗਿਆ? ਕੀ ਉਹਨਾਂ ਦੇ ਮਿੱਟੀ, ਪਾਣੀ, ਅਗਨੀ ਆਦਿ ਦੇ ਬਣੇ ਹੋਏ ਸਰੀਰਾਂ ਨੂੰ ਗੁਰੂ ਸਮਝਿਆ ਗਿਆ ਜਾਂ ਫੇਰ, ਇਹ ਕੋਈ ਹੋਰ ਗੁਣ ਜਾਂ ਵਿਸ਼ੇਸ਼ਤਾ ਸੀ, ਜਿਸ ਕਰਕੇ ਉਹਨਾਂ ਨੂੰ 'ਗੁਰੂ' ਦੀ ਪਦਵੀ ਦਿਤੀ ਗਈ?

ਸ਼ਖਸੀ ਗੁਰੂ ਦੇ ਦੋ ਪੱਖ ਹੁੰਦੇ ਹਨ, ਇਕ ਉਸ ਦਾ ਪੰਜ-ਭੌਤਿਕ ਸਰੀਰ ਅਤੇ ਦੂਜਾ ਉਸ ਦਾ ਰੂਹਾਨੀ ਉਪਦੇਸ਼। ਭਾਈ ਅੰਗਦ ਅਤੇ ਬਾਕੀ ਸਭ ਸਿੱਖ, ਸਾਲਾਂ ਸਾਲ ਸਤਿਕਾਰ ਵਜੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੱਗੇ ਆਪਣੇ ਸਿਰ ਝੁਕਾਉਂਦੇ ਰਹੇ, ਪਰ ਜਦ ਨਾਨਕ (ਸਰੀਰ) ਦਾ ਆਖਰੀ ਸਮਾਂ ਨੇੜ ਆਇਆ ਤਾਂ ਉਹਨਾਂ ਆਪਣਾ 'ਗੁਰੂ ਪਦ' ਅਤੇ ਆਪਣਾ 'ਉਪਦੇਸ਼ ਬਲ' ਦੋਨੋਂ ਭਾਈ ਅੰਗਦ ਨੂੰ ਬਖਸ਼ ਦਿੱਤੇ। ਇਸ ਸਮੇਂ ਉਹਨਾਂ ਨੇ ਆਪਣੀ ਦੈਵੀ ਸ਼ਕਤੀ (spiritual power) ਦਾ, ਭਾਈ ਅੰਗਦ ਦੇ ਸਰੀਰ ਵਿਚ ਪਰਿਵਰਤਨ ਹੋ ਜਾਣ, ਦੀ ਪੁਸ਼ਟੀ ਕਰਦੇ ਹੋਏ, ਆਪਣਾ ਸਿਰ ਗੁਰੂ ਅੰਗਦ ਦੇ ਚਰਨਾਂ ਉਪਰ ਰੱਖ ਦਿਤਾ। ਜਿਸ ਸਮੇਂ ਅੰਗਦ ਚੇਲਾ ਸੀ ਤਾਂ ਉਹ ਨਾਨਕ ਗੁਰੂ ਦੇ ਪੈਰਾਂ ਉਪਰ ਆਪਣਾ ਸਿਰ, ਰੱਖਿਆ ਕਰਦਾ ਸੀ। ਅਜ, ਬਾਕੀ ਸਭ ਸਿੱਖਾਂ ਸਮੇਤ, ਨਾਨਕ ਕੌਮ ਦੇ ਨਵੇਂ ਰੂਹਾਨੀ ਨੇਤਾ ਅੱਗੇ ਆਪਣਾ ਸਿਰ ਝੁਕਾ ਰਿਹਾ ਸੀ। ਇਹ ਗਲ ਭਲੀ ਪ੍ਰਕਾਰ ਸਿਧ ਕਰਦੀ ਹੈ ਕਿ ਪੰਜ-ਭੌਤਿਕ ਮਨੁੱਖੀ ਸਰੀਰ ਵਿਚ ਐਸੀ ਕੋਈ ਵਿਸ਼ੇਸ਼ਤਾ ਨਹੀਂ, ਜਿਸ ਕਾਰਨ, ਉਸ ਨੂੰ ਸਨਮਾਨ ਦਾ ਕੇਂਦਰ ਸਮਝਿਆ ਜਾਏ। ਇਹ ਕੇਵਲ ਰੂਹਾਨੀ ਉਪਦੇਸ਼ ਸ਼ਕਤੀ ਹੀ ਹੈ ਜੋ ਸਿੱਖ ਸ਼ਾਤਰ ਦੇ ਆਦਰ ਅਤੇ ਅਦਬ ਦੀ ਪਾਤਰ ਹੋਇਆ ਕਰਦੀ ਹੈ।

ਸਤੰਬਰ 1539 ਈ: ਵਿਚ, ਰੂਹਾਨੀ ਉਪਦੇਸ਼ ਦੇ ਨਵੇਂ ਕੇਂਦਰ ਨੂੰ ਸਿਰ ਝੁਕਾ ਕੇ, ਜੋ ਕਰਮ ਨਾਨਕ ਨੇ ਗੁਰੂ ਅੰਗਦ ਦੇ ਸਬੰਧ ਵਿਚ ਕੀਤਾ ਸੀ, ਉਹੀ ਕਰਮ ਉਚਿਤ ਸਮਾਂ ਆਉਣ ਤੇ, ਅੰਗਦ ਅਤੇ ਉਹਨਾਂ ਤੋਂ ਪਿਛੋਂ ਆਉਣ ਵਾਲੇ ਸਤ ਗੁਰੂ ਵਿਅਕਤੀਆਂ ਨੇ ਇਕ ਦੂਜੇ ਦੇ ਸਬੰਧ ਵਿਚ ਕੀਤਾ ਅੰਤ, ਅਕਤੂਬਰ 1708 ਈ: ਵਿਚ, ਗੁਰੂ ਗੋਬਿੰਦ ਸਿੰਘ ਜੀ ਨੇ, ਅਕਾਲ ਪੁਰਖ ਦੇ ਹੁਕਮ ਅਨੁਸਾਰ, ਆਦਿ ਗਰੰਥ ਨੂੰ ਮੱਥਾ ਟੇਕ ਕੇ ਉਸ ਨੂੰ ਸਦਾ ਲਈ ਸਾਡੇ ਸਿੱਖਾਂ ਦਾ ਗੁਰੂ ਬਣਾ ਦਿੱਤਾ। ਉਸ ਸਮੇਂ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਿੱਖ ਕੌਮ ਦੇ ਗੁਰੂ ਚਲੇ ਆ ਰਹੇ ਹਨ। ਉਹ ਰੂਹਾਨੀ ਉਪਦੇਸ਼ ਸ਼ਕਤੀ, ਜੋ ਲਗਭਗ ਦੋ ਸੌ ਸਾਲ ਤਕ ਵੱਖ ਵੱਖ ਗੁਰੂ ਵਿਅਕਤੀਆਂ ਦੇ ਸਰੀਰਾਂ ਅੰਦਰ ਪ੍ਰਵੇਸ਼ ਕਰਦੀ ਰਹੀ, ਅਜ ਉਸ ਸ਼ਕਤੀ ਦੇ ਕੇਂਦਰ ਸ੍ਰੀ ਗੁਰੂ ਗਰੰਥ ਜੀ ਹਨ। ਏਹੀ ਕਾਰਨ ਹੈ, ਜੋ ਅਸੀਂ ਸਿੱਖ, ਇਸ ਗਰੰਥ ਦਾ ਹੁਣ ਉਹੀ ਸਨਮਾਨ ਅਤੇ ਉਹੀ ਸਤਿਕਾਰ ਕਰਦੇ ਹਾਂ, ਜੋ ਕਿਸੇ ਸਮੇਂ ਤੇ ਨਾਨਕ ਦੇਵ ਤੋਂ ਲੈ ਗੋਬਿੰਦ ਸਿੰਘ ਤਾਈਂ, ਦਸ ਗੁਰੂ ਵਿਅਕਤੀਆਂ ਦਾ ਹੋਇਆ ਕਰਦਾ ਸੀ।

ਦਸ ਗੁਰੂ ਵਿਅਕਤੀਆਂ ਵਿਚ ਕੇਹੜੀ ਚੀਜ਼ ਸੀ ਜਿਸ ਕਾਰਨ ਉਹਨਾਂ ਨੂੰ ਗੁਰੂ ਮੰਨਿਆ ਜਾਂਦਾ ਰਿਹਾ? ਗੁਰੂ ਸਾਹਿਬਾਨ ਦੇ ਪੰਜ-ਭੌਤਿਕ ਸਰੀਰ ਵੱਖਰੇ ਵੱਖਰੇ ਸਨ, ਪਰ ਉਹਨਾਂ ਵਿਚ ਜੋ ਚੀਜ਼ ਸਾਂਝੀ ਸੀ ਅਤੇ ਜਿਸ ਕਾਰਨ ਉਹਨਾਂ ਨੂੰ ਗੁਰੂ ਪਦ ਦਿਤਾ ਗਿਆ, ਉਹ ਉਹਨਾਂ ਦਹ ਅਦੁੱਤੀ ਜੋਤ ਸੀ। ਉਪਦੇਸ਼ ਬਲ ਰਖਣ ਵਾਲੀ ਅਤੇ ਅਗਿਆਨ ਅਨ੍ਹੇਰਾ ਦੂਰ ਕਰਨ ਵਾਲੀ ਇਸ ਅਦੁੱਤੀ ਜੋਤ ਦਾ ਨਾ ਕੋਈ ਆਕਾਰ ਹੈ ਅਤੇ ਨਾ ਹੀ ਸਰੀਰ। ਇਹ ਜੋਤ, ਸ਼ਬਦ (ਬਾਣੀ) ਦਾ ਰੂਪ ਧਾਰਨ ਕਰਕੇ, ਸ੍ਰੀ ਆਦਿ ਗਰੰਥ ਦੇ ਪੰਨਿਆਂ ਰਾਹੀਂ, ਅਜ ਵੀ ਅਧਿਆਤਮਿਕਤਾ ਦੇ ਖੇਤਰ ਵਿਚ ਸਾਡੀ ਅਗਵਾਈ ਕਰ ਰਹੀ ਹੈ।

ਸਿੱਖ ਗੁਰੂ ਵਿਅਕਤੀਆਂ ਵਲੋਂ ਦਿੱਤਾ ਹੋਇਆ ਸਮੁੱਚਾ ਉਪਦੇਸ਼, ਜੋ ਸਾਨੂੰ ਸ੍ਰੀ ਆਦਿ ਗਰੰਥ ਵਿਚ ਅੰਕਿਤ ਕੀਤਾ ਹੋਇਆ ਮਿਲਦਾ ਹੈ, ਇਹ ਹੀ ਸਾਡੇ ਸਿੱਖਾਂ ਲਈ ਸੱਚਾ ਅਤੇ ਹਰ ਪੱਖੋਂ ਪੂਰਨ ਗੁਰੂ ਹੈ। ਇਸ ਸਮੁੱਚੇ ਉਪਦੇਸ਼ ਨੂੰ 'ਸ਼ਬਦ', 'ਗੁਰ-ਸ਼ਬਦ', 'ਬਾਣੀ' ਅਤੇ 'ਗੁਰਬਾਣੀ' ਦੇ ਨਾਮ ਵੀ ਦਿੱਤੇ ਗਏ ਹਨ। ਗੁਰਬਾਣੀ ਦੇ ਅਰਥ ਸਮਝ, ਇਸ ਨੂੰ ਧਿਆਨ ਨਾਲ ਪ੍ਰਤਿ-ਦਿਨ ਪੜਨ ਅਤੇ ਇਸ ਵਿਚ ਦਿੱਤੀ ਹੋਈ ਸਿੱਖਿਆ [illegible] ਲੈਂਦਾ ਹੈ।

ਪ੍ਰਸਾਦਿ

ਹਿੰਦੂਮਤ ਦੇ ਪ੍ਰਭਾਵ ਅਧੀਨ ਕੁਝ ਵਿਅਕਤੀ 'ਪ੍ਰਸਾਦਿ' ਦਾ ਅਰਥ 'ਆਨੰਦ' ਜਾਂ 'ਪ੍ਰਸੰਨਤਾ' ਕਰ ਜਾਂਦੇ ਹਨ। ਉਹ ਇਸ ਸਚਾਈ ਨੂੰ ਭੁਲ ਜਾਂਦੇ ਹਨ ਕਿ ਸਿੱਖ ਧਰਮ ਦਾ, ਹਿੰਦੂ ਮਤ ਤੋਂ ਵੱਖਰਾ ਅਤੇ ਸੁਤੰਤਰ, ਆਪਣਾ ਚਰਿੱਤਰ ਹੈ। 'ਪ੍ਰਸਾਦਿ' ਦੇ ਅਰਥ ਬਾਰੇ ਸਿੱਖ ਸ਼ਾਤਰ ਨੂੰ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ। ਥੱਲੇ ਅੰਕਿਤ ਤੁਕਾਂ ਇਸ ਪਦ ਦੇ ਸਹੀ ਅਰਥ ਨੂੰ ਸਪਸ਼ਟ ਰੂਪ ਵਿਚ ਪ੍ਰਗਟ ਕਰ ਰਹੀਆਂ ਹਨ:

ਸਦ ਬਲਿਹਾਰੀ ਸਤਿਗੁਰ ਅਪਨੇ।
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ। (287 : 10)
ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ।
ਨਾਨਕ ਆਇਆ ਸੋ ਪਰਵਾਨੁ। (1145 : 8)
ਗੁਰ ਪ੍ਰਸਾਦਿ ਪਰਮ ਪਦੁ ਪਾਇਆ,
ਨਾਨਕੁ ਕਹੈ ਵਿਚਾਰਾ। (1126 : 11)

'ਗੁਰ ਪ੍ਰਸਾਦਿ' ਦਾ ਅਰਥ ਹੈ, 'ਗੁਰੂ ਦੀ ਕਿਰਪਾ ਨਾਲ।' ਇਸ ਸਮੇਂ ਸ੍ਰੀ ਆਦਿ ਗਰੰਥ, ਭਾਵ, ਇਸ ਵਿਚ ਦਿੱਤਾ ਹੋਇਆ ਸ਼ਬਦ ਉਪਦੇਸ਼, ਸਾਡੇ ਸਿੱਖਾਂ ਲਈ ਗੁਰੂ ਵੀ ਹੈ ਅਤੇ ਗੁਰੂ ਦੀ ਕਿਰਪਾ ਵੀ। ਕ੍ਰਿਪਾ ਇਸ ਲਈ ਕਿ ਇਹ ਉਪਦੇਸ਼ ਓਅੰਕਾਰ ਪੁਰਖ ਦੀ ਮਿਹਰ ਦੁਆਰਾ ਗੁਰੂ ਵਿਅਕਤੀਆਂ ਦੇ ਰਾਹੀਂ, ਸਾਡੇ ਕਲਿਆਨ ਲਈ ਪ੍ਰਗਟ ਕੀਤਾ ਗਿਆ ਹੈ। ਇਸ ਸ਼ਬਦ ਦੇ, ਵਾਰ ਵਾਰ ਅਧਿਐਨ ਨਾਲ, ਜੀਵ ਆਪਣੇ ਸਭ ਸੰਸਾਰਕ ਬੰਧਨ ਕੱਟ ਕੇ, ਆਨੰਦ ਸਰੂਪ ਓਅੰਕਾਰ ਦਾ ਅੰਗ ਬਣ ਜਾਂਦਾ ਹੈ।

ਜਾਅਲੀ ਵੀਜ਼ੇ


ਨਵੀਂ ਦਿੱਲੀ, 19 ਮਾਰਚ (ਲੋਕ ਵਾਰਤਾ)—ਦਿੱਲੀ ਪੁਲਿਸ ਅਪਰਾਧ ਸ਼ਾਖਾ ਨੇ ਪਾਕਿਸਤਾਨ ਦੇ ਜਾਅਲੀ ਵੀਜ਼ੇ ਵੇਚਣ ਵਾਲੇ ਇਕ ਗਿਰੋਹ ਦੇ ਦੋ ਮੈਂਬਰਾਂ, ਅਬਦੁਲ ਰਹਿਮਾਨ ਅਤੇ ਮਹਿਮੂਦ ਅਹਿਮਦ ਨੂੰ ਗ੍ਰਿਫਤਾਰ ਕੀਤਾ ਹੈ.

ਇਸ ਗਿਰੋਹ ਦੇ ਹੋਰ ਮੈਂਬਰ ਜਿਸ ਵਿਚ ਪਾਕਿਸਤਾਨੀ ਐਮਬੇਸੀ ਦਾ ਇਕ ਕਰਮਚਾਰੀ ਵੀ ਸ਼ਾਮਿਲ ਹੈ, ਹਾਲੇ ਫਰਾਰ ਹੈ.

ਆਜ਼ਾਦੀਏ ਮਨੁੱਖ ਲਈ ਜਫਰ ਪਏ ਜਾਲਦੇ ਆਂ,
ਭੇਟਾ ਚੜ੍ਹਾ ਦਿਆਂਗੇ ਮੰਗਿਆ ਜੇ ਸੀਸ ਮੌਸਮ.
ਬਿਜਲੀ ਜਿਹੀ ਕਲਮ ਮੇਰੀ ਅੰਗਿਆਰ ਫੰਡਦੀ ਏ.
ਜਦ ਵੀ ਕਲੇਜੇ 'ਪਾਂਧੀ' ਪਾਉਂਦਾ ਏ ਚੀਸ ਮੌਸਮ.

ਲੋਇਲ ਫਰਨੀਚਰ ਲਿ:

— The House of Quality —




- ਐਟਲਾਂਟਿਕ ਕੰਪਨੀ ਦੇ ਬਣੇ ਹੋਏ ਵਧੀਆ ਸੋਫਾ ਸੈਟ
- ਸੋਫੇ ਦੇ ਡਿਜ਼ਾਈਨ ਤੇ ਰੰਗ ਦੀ ਪਸੰਦ ਆਪ ਕਰੋ
- **Life time gaurantee on frame**



- ਸੌਲਿਡ ਓਕ ਵੁੱਡ ਦੀਆਂ ਡਾਈਨਿੰਗ ਰੂਮ ਸੁਈਟਾਂ

— ਵੱਖਰੇ ਵੱਖਰੇ ਡਿਜ਼ਾਈਨਾਂ 'ਚ
— ਕੁਰਸੀਆਂ ਦੇ ਕੱਪੜੇ ਦਾ ਰੰਗ ਚੁਣ ਸਕਦੇ ਹੋ।
— ਕੀਮਤ, ਜੋ ਤੁਹਾਨੂੰ ਹੋਰ ਕਿਤੋਂ ਨਹੀਂ ਮਿਲੇਗੀ





- ਸੀਲੀ (SEALY) ਕੰਪਨੀ ਦੇ ਵਧੀਆ Posturpedic ਬੈੱਡ
- **Top of the Line — Prices too low to advertise.**
- ਇਹ ਬੈੱਡ ਤੁਹਾਨੂੰ ਕਮਿਊਨਿਟੀ ਦੇ ਇਕੋ ਸਟੋਰ (ਲੋਇਲ ਫਰਨੀਚਰ) ਤੋਂ ਹੀ ਮਿਲ ਸਕਦੇ ਹਨ।

ਵਿਸ਼ੇਸ਼ : ਪੁੱਠੇ ਸਿੱਧੇ ਨਾਵਾਂ ਥੱਲੇ, ਬੇਮਤਲਬ ਕਿਸਮ ਦੀਆਂ ਰੋਜ਼ ਲਗਦੀਆਂ "ਸੇਲਾਂ" ਤੇ ਸਸਤੀਆਂ ਕੀਮਤਾਂ ਦਾ ਹੋਕਾ ਦੇਣ ਵਾਲਿਆਂ ਦੇ ਗੁਮਰਾਹਕੁਨ ਪ੍ਰਾਪੇਗੰਡੇ ਤੋਂ ਬਚੋ ਕਿਤੇ ਹੋਰ ਫਰਨੀਚਰ ਖ਼੍ਰੀਦਣ ਤੋਂ ਪਹਿਲਾਂ, 'ਅਸਲ' ਤੇ 'ਨਕਲ' ਦੀ ਪਛਾਣ ਲਈ ਤੇ 'ਕੁਆਲਿਟੀ' ਬਾਰੇ ਜਾਨਣ ਲਈ ਲੋਇਲ ਫਰਨੀਚਰ ਦੇ ਤਜਰਬੇਕਾਰ ਸੇਲਜ਼ ਸਟਾਫ਼ ਨੂੰ ਇਕ ਵਾਰ ਜ਼ਰੂਰ ਮਿਲੋ।

Loyal - The Most Trusted Name in Furniture Business.

LF

LOYAL FURNITURE LTD

Ph.: 879-8319 2707 Main Street,(at 11th Ave.) Vancouver, B.C. **Ph.: 879-4813**

ਰੋਨੇ ਕੀ ਬਾਤ ਮੱਤ ਕਰੋ......

(ਸੁਮੀਤ ਸਿੰਘ ਸ਼ੰਮੀ ਦੇ ਨਾਂ)

—ਮਦਨ ਲਾਲ ਦੀਦੀ—

ਰੋਨੇ ਕੀ ਬਾਤ ਮਤ ਕਰੋ, ਰੋਨਾ ਫ਼ਜ਼ੂਲ ਹੈ.
ਜ਼ੁਲਮੋਂ ਜਬਰ ਸੇ ਲੜਨਾ ਹੀ, ਅਪਨਾ ਅਸੂਲ ਹੈ.

ਕੂਏ ਵਤਨ[1] ਮੇਂ ਸਰ ਕਟੇ ਯਾ ਪਾਏ-ਯਾਰ[2] ਪਰ,
ਅਹਲੇ-ਵਫ਼ਾ ਕੋ ਹਰ ਤਰਹਾ ਮਰਨਾ ਕਬੂਲ ਹੈ.

ਦੁਸ਼ਮਨ-ਹਜ਼ਾਰ ਭੇਸ ਮੇਂ ਫ਼ਿਰਤਾ ਹੈ, ਦੋਸਤੋ,
ਦਾਮੇ-ਫ਼ਰੇਬੇ-ਗ਼ੈਰ[3] ਮੇਂ ਫ਼ਸਨਾ ਹੀ ਭੂਅਲ ਹੈ.

ਦੈਰੋ-ਹਰਮ[4] ਕੀ ਰਾਹ ਮੇਂ ਲਾਖੋਂ ਮਰੇ ਬੇ ਕਲ,
ਕਾਤਲੋ ਕਤਲਗਾਹ ਤੋ ਹਸਬੇ-ਮਾਮੂਲ[5] ਹੈ.

ਦਰਿਆਏ-ਗ਼ਮ ਮੇਂ ਡੂਬ ਕਰ ਉਭਰੇ ਅਭੀ ਹੈਂ ਹਮ,
ਮਤ ਪੂਛੀਏ ਕਿ ਆਜ ਜੀ ਕਿਤਨਾ ਮਲੂਲ[6] ਹੈ.

1. ਦੇਸ਼ ਦਾ ਰਾਹ, 2. ਯਾਰ ਦੇ ਪੈਰ, 3. ਗ਼ੈਰਾਂ ਦੇ ਫ਼ਰੇਬ ਦਾ ਜਾਲ 4. ਮੰਦਰ ਮਸਜਦ 5. ਆਮ ਗੱਲ 6. ਦੁਖੀ.

ਪਿਆਰ ਦੇ ਮੰਦਰ ਵਿਚ ਤਰੇੜਾਂ ਆਈਆਂ ਨੇ,
ਹੁੰਦੀ ਮਿਤ੍ਰਰ ਮਾਰ ਹੁੰਗਾਰਾ ਕੌਣ ਭਰੇ.

ਵੀਹ-ਨੁਕਾਤੀ ਮਹਿਲਾਂ ਅੰਦਰ ਰਹਿੰਦੀ ਹੈ,
ਸੁਪਨ-ਸਾਜ ਸਰਕਾਰ ਹੁੰਗਾਰਾ ਕੌਣ ਭਰੇ.

ਰੇਡੀਓ ਤੋਂ ਪ੍ਰਸਾਰਤ ਖਤਮ ਗਰੀਬੀ ਹੈ,
ਸੁਣਦੇ ਬੇ-ਰੁਜ਼ਗਾਰ ਹੁੰਗਾਰਾ ਕੌਣ ਭਰੇ.

(ਪੰਨਾ 4 ਦੀ ਬਾਕੀ)

ਹਨ। ਪਰ ਫਿਰ ਵੀ ਇਸ ਮਾਮਲੇ ਨੂੰ ਸੰਵਿਧਾਨ ਦੇ ਲਾਗੂ ਕਰਨ ਤੋਂ ਬਾਅਦ ਅਕਾਲੀ ਦਲ ਵਲੋਂ ਪਹਿਲਾਂ ਕਦੇ ਵੀ ਨਹੀਂ ਉਠਾਇਆ ਗਿਆ ਸੀ। ਅਚਾਨਕ ਹੀ ਦੂਸਰੀਆਂ ਸਾਰੀਆਂ ਮੰਗਾਂ ਜਿਹਨਾਂ ਨੂੰ ਲੈ ਕੇ ਹੁਣ ਤਕ ਅੰਦੋਲਨ ਸ਼ੁਰੂ ਕੀਤਾ ਗਿਆ ਸੀ ਨੂੰ ਅਨਡਿੱਠ ਕਰਕੇ ਇਸ ਨੂੰ ਕੇਂਦਰੀ ਮਾਮਲਾ ਬਣਾ ਦਿਤਾ ਗਿਆ।

ਧਾਰਾ 25 ਕੀ ਹੈ? ਇਸ ਮਾਮਲੇ ਨੂੰ ਪ੍ਰੈਸ ਦੇ ਕਾਲਮਾਂ 'ਚ ਬਹਿਸ ਦਾ ਵਿਸ਼ਾ ਬਣਾਇਆ ਗਿਆ ਅਤੇ ਬਹੁਤ ਸਾਰੇ ਸਿੱਖ ਜੂਰਿਸਟਾਂ ਅਤੇ ਕਾਨੂੰਨੀ ਮਾਹਿਰਾਂ ਨੇ ਇਹ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਕਿ ਇਸ ਨਾਲ ਕਿਸੇ ਤਰਾਂ ਵੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪੁਜਦਾ। ਇਹ ਧਾਰਾ ਹੈ ਜਿਹੜੀ ਕਿ ਸਿੱਖਾਂ ਨੂੰ ਵਖਰੇ ਧਾਰਮਿਕ ਫਿਰਕੇ ਵਜੋਂ ਮਾਨਤਾ ਪਰਦਾਨ ਕਰਦੀ ਹੈ।

ਮੈਂ ਸੰਵਿਧਾਨ ਅਸੰਬਲੀ ਦੀਆਂ ਬਹਿਸਾਂ ਪੜੀਆਂ ਹਨ। ਕਿਸੇ ਵੀ ਪੜਾਅ ਤੇ ਅਕਾਲੀ ਨੁਮਾਇੰਦਿਆਂ ਨੇ ਨਾ ਹੀ ਇਸ ਧਾਰਾ ਦੀ ਵਿਰੋਧਤਾ ਕੀਤੀ ਹੈ ਅਤੇ ਨਾ ਹੀ ਇਸ ਲਈ ਕੋਈ ਸੋਧ ਹੀ ਪੇਸ਼ ਕੀਤੀ ਹੈ। ਇਹ ਤੱਥ ਕਿ ਸ੍ਰੀ ਹੁਕਮ ਸਿੰਘ ਅਤੇ ਸ੍ਰੀ ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਉਤੇ ਦਸਖਤ ਨਹੀਂ ਕੀਤੇ ਸਨ, ਦਾ ਇਸ ਧਾਰਾ ਨਾਲ ਕੋਈ ਸਬੰਧ ਨਹੀਂ ਹੈ। ਸੰਵਿਧਾਨ ਦੀ ਤੀਸਰੀ ਪੜਤ ਉਤੇ ਆਪਣੇ ਭਾਸ਼ਣ 'ਚ ਸ੍ਰੀ ਹੁਕਮ ਸਿੰਘ ਨੇ ਆਪਣੀ ਪੁਜ਼ੀਸ਼ਨ ਬਹੁਤ ਸਪੱਸ਼ਟ ਕੀਤੀ।

ਅਸਲ ਵਿਚ ਜੇ ਕੋਈ 25 ਧਾਰਾ ਬਾਰੇ ਬਹਿਸ ਦਾ ਅਧਿਐਨ ਕਰੇ ਇਸ ਤੋਂ ਪਤਾ ਲਗਦਾ ਹੈ ਕਿ ਸੰਵਿਧਾਨ ਨੂੰ ਘੜਣ ਵਾਲਿਆਂ ਦੇ ਮਨ ਸਿਖ ਧਰਮ ਦੀ ਵਖਰੀ ਹੋਂਦ ਬਾਰੇ ਬਹੁਤ ਸਪਸ਼ਟ ਹਨ। ਉਹਨਾਂ ਨੇ ਵਖ ਵਖ ਸੋਧਾਂ ਠੁਕਰਾ ਦਿਤੀਆਂ ਜਿਹਨਾਂ ਨਾਲ ਵੱਖ ਵਖ ਧਰਮਾਂ ਨੂੰ ਮੰਨਣ ਵਾਲਿਆਂ ਵਿਚਕਾਰ ਮਤਭੇਦ ਉਭਰ ਕੇ ਸਾਹਮਣੇ ਆਉਂਦੇ ਹਨ। ਇਸ ਲਈ ਸਬ-ਕਲਾਜ਼ (ਬੀ) ਦੀ ਵਿਆਖਿਆ 1 ਵਿਚ ਕਿਰਪਾਨ ਲੈ ਜਾਣ ਦੇ ਸਿਖ ਅਮਲ ਬਾਰੇ ਵਿਸ਼ੇਸ਼ ਵਰਨਣ ਕੀਤਾ ਗਿਆ ਹੈ।-----ਸੰਵਿਧਾਨ ਵਲੋਂ ਸਿੱਖਾਂ ਨੂੰ ਇਹ ਅਧਿਕਾਰ ਦਿਤਾ ਗਿਆ ਹੈ।

ਤੁਸੀਂ ਧਾਰਾ 25 ਦੀ ਵਿਆਖਿਆ 2 ਤੇ ਇਤਰਾਜ਼ ਕਰਦੇ ਹੋ ਜਿਸ ਵਿਚ ਕਿਹਾ ਗਿਆ ਹੈ ਕਿ ਹਿੰਦੂ ਦੇ ਹਵਾਲੇ ਦਾ ਅਨੁਵਾਦ ਸਿਖ, ਜੈਨ ਜਾਂ ਬੁੱਧ ਧਰਮ ਨੂੰ ਮੰਨਣ ਵਾਲਿਆਂ ਨੂੰ ਵਿਚ ਸ਼ਾਮਲ ਕਰਨਾ ਹੈ ਅਤੇ ਹਿੰਦੂ ਧਾਰਮਿਕ ਸੰਸਥਾਵਾਂ ਦਾ ਹਵਾਲਾ ਇਸੇ ਅਨੁਸਾਰ ਅਨੁਵਾਦ ਹੋਵੇਗਾ। ਸਬ ਕਲਾਜ਼ (ਬੀ) ਪਬਲਿਕ ਖਾਸੇ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਦੀਆਂ ਹਵਾਲਾ ਮੈਨੇਜਮੈਂਟਾਂ ਉਤੇ ਜ਼ੁੰਮੇਵਾਰੀ ਠੋਸਦੀ ਹੈ ਕਿ ਉਹ ਅਜਿਹੀਆਂ ਥਾਵਾਂ 'ਚ ਦਾਖਲੇ ਤੋਂ ਇਨਕਾਰ ਨਾ ਕਰਨ। ਇਸ ਤਰਾਂ 'ਹਿੰਦੂ' ਵਿਆਖਿਆ 'ਚ ਸਿੱਖਾਂ ਨੂੰ ਸ਼ਾਮਲ ਕਰਨਾ ਸਿਰਫ ਸਬ-ਕਲਾਜ਼ (ਬੀ) ਤਕ ਹੀ ਸੀਮਤ ਹੈ। ਜੇ ਇਹ ਸਿੱਖਾਂ ਦੇ ਹਿੰਦੂ ਹੋਣ ਬਾਰੇ ਐਲਾਨ ਕਰਦਾ ਸਮੁੱਚੇ ਸੰਵਿਧਾਨ ਲਈ ਸਰਬ ਵਿਆਪੀ ਅਸਲ ਹੁੰਦਾ।

ਪੰਜਾਬ ਰਾਓ ਦੇ ਕੇਸ (1965) ਵਿਚ ਸੁਪਰੀਮ ਕੋਰਟ ਦਾ ਫੈਸਲਾ ਅਧਿਕਾਰ ਪੂਰਨ ਢੰਗ ਨਾਲ ਇਹ ਕਹਿੰਦਾ ਹੈ ਕਿ 'ਹਿੰਦੂ' ਦੀ ਪ੍ਰੀਭਾਸ਼ਾ ਦਾ ਪਾਸਾਰ ਧਾਰਾ 25 ਦੀ ਕਲਾਜ਼ 11 ਦੀ ਸਬ ਕਲਾਜ਼ (ਬੀ) ਦੇ ਵਿਸ਼ੇਸ਼ ਮਨੋਰਥ ਨਾਲ ਕੀਤਾ ਗਿਆ ਹੈ ਅਤੇ ਹੋਰ ਕਿਸੇ ਮਨੋਰਥ ਲਈ ਨਹੀਂ - ਸੰਵਿਧਾਨ (ਅਨੁਸੂਚਿਤ ਜਾਤੀ) ਦਾ ਪਹਿਰਾ 3 ਕਹਿੰਦਾ ਹੈ ਕਿ 'ਕੋਈ ਵੀ ਵਿਅਕਤੀ ਜਿਹੜਾ ਹਿੰਦੂ ਜਾਂ ਸਿਖ ਧਰਮ ਤੋਂ ਬਿਨਾਂ ਹੋਰ ਕੋਈ ਧਰਮ ਮੰਨਦਾ ਹੈ ਅਨੁਸੂਚਿਤ ਜਾਤਾਂ ਦਾ ਮੈਂਬਰ ਨਹੀਂ ਹੋਵੇਗਾ'। ਇਸ ਤੋਂ ਇਹ ਪਤਾ ਚਲਦਾ ਹੈ ਕਿ ਸਿਖ ਇਕ ਵਖਰਾ ਫਿਰਕਾ ਹੈ।

ਇਸ ਲਈ ਧਾਰਾ 25 ਬਾਰੇ ਤੁਹਾਡਾ ਪਰਚਾਰ ਅਤੇ ਅੰਦੋਲਨ ਸਿਰਫ ਵਖਵਾਦੀ ਭਾਵਨਾਵਾਂ ਦੀ ਜੋ [illegible] ਸਬੰਧ ਨਹੀਂ ਹੈ।

ਅਕਾਲੀ ਦਲ ਨੇ ਪਰਸਨਲ ਲਾਅ ਬਾਰੇ ਵੀ ਗਲ ਕਰਨੀ ਸ਼ੁਰੂ ਕਰ ਦਿਤੀ ਹੈ, ਇਹ ਦਸੇ ਬਗੈਰ ਕਿ ਇਸ ਦਾ ਕੀ ਮਤਲਬ ਹੈ। ਇਸ ਨਾਲ ਫਿਰ ਸਿੱਖਾਂ 'ਚ ਵਖਵਾਦੀ ਭਾਵਨਾਵਾਂ ਦੀ ਹੌਸਲਾ ਅਫਜ਼ਾਈ ਹੋਵੇਗੀ। ਜੇ ਦੇਸ ਵਖ ਵਖ ਧਾਰਮਿਕ ਫਿਰਕਿਆਂ ਲਈ ਵਖਰੇ ਸਮਾਜਿਕ ਤੇ ਆਰਥਿਕ ਕਾਨੂੰਨ ਬਨਾਉਣਾ ਸ਼ੁਰੂ ਕਰ ਦੇਵੇ ਤਾਂ ਧਰਮ ਨਿਰਪਖਤਾ ਅਤੇ ਜਮਹੂਰੀਅਤ ਦਾ ਕੀ ਬਣੇਗਾ ? ਇਸ ਕੇਸ ਵਿਚ ਤੁਹਾਡੇ ਮਨ 'ਚ ਸ਼ਾਇਦ ਹਿੰਦੂ 'ਵਿਰਾਸਤ' ਐਕਟ ਹੈ ਕਿ ਮਾਂ ਪਿਓ ਦੀ ਜਾਇਦਾਦ ਵਿਚ ਔਰਤਾਂ ਨੂੰ ਉਹਨਾਂ ਦੇ ਅਧਿਕਾਰ ਤੋਂ ਵਾਂਝਿਆ ਰਖਿਆ ਜਾਵੇ। ਇਹ ਇਕ ਪਿਛਾਖੜੀ ਕਦਮ ਹੋਵੇਗਾ ਅਤੇ ਔਰਤਾਂ ਇਸ ਵਿਰੁਧ ਬਗਾਵਤ ਕਰ ਦੇਣਗੀਆਂ।

ਇਹਨਾਂ ਸਾਰੇ ਨਾਅਰਿਆਂ ਅਤੇ ਦਾਅਪੇਚਾਂ ਨਾਲ ਮੇਰੇ ਖਿਆਲ ਵਿਚ ਉਹ ਵਿਰੋਧੀ ਪਾਰਟੀਆਂ ਨਾਲੋਂ ਨਿਖੜ ਗਏ ਹਨ ਅਤੇ ਦੇਸ਼ ਵਿਚ ਵਿਸ਼ਾਲ ਜਮਹੂਰੀ ਲੋਕਾਂ ਨਾਲੋਂ ਤੁਸੀਂ ਆਪਣੇ ਆਪ ਨੂੰ ਨਿਖੇੜ ਲਿਆ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਢਿੱਲ ਮਿਠ ਵਾਲੀ ਨੀਤੀ ਉਤੇ ਚਲਕੇ ਅਤੇ ਸਿਖ ਅਤਿਵਾਦੀਆਂ ਦੇ ਵਖਵਾਦੀ ਨਾਹਰੇ ਲਗਾਉਣ ਨਾਲ ਉਹ ਤੁਹਾਨੂੰ ਕੁਰਾਹੇ ਪਾਉਣਾ ਚਾਹੁੰਦੇ ਹਨ ਅਤੇ ਪ੍ਰਮੁੱਖ ਮਸਲਿਆਂ ਦੀ ਪਟੜੀ ਤੋਂ ਤੁਹਾਨੂੰ ਹੇਠਾਂ ਲਾਹੁਣਾ ਚਾਹੁੰਦੇ ਹਨ। ਇਹ ਸਾਰੇ ਮਸਲੇ ਸਾਰੇ ਪੰਜਾਬੀਆਂ ਨੂੰ ਇਕਮੁੱਠ ਕਰਦੇ ਹਨ। ਉਹ ਆਪਣੀ ਖੇਡ ਵਿਚ ਸਫਲ ਹੋ ਗਏ ਜਾਪਦੇ ਹਨ।

ਵਰਤਮਾਨ ਅੰਦੋਲਨ ਫਿਰਕੂ ਭਾਵਨਾਵਾਂ ਦੀ ਹੌਸਲਾ ਅਫਜ਼ਾਈ ਕਰ ਰਿਹਾ ਹੈ ਅਤੇ ਤੁਹਾਡਾ 'ਅਜ਼ਾਦ ਪੰਥ ਸਪਤਾਹ' ਨਾਲ ਸਥਿਤੀ ਹੋਰ ਗੰਭੀਰ ਬਣ ਜਾਵੇਗੀ। ਇਸ ਨਾਲ ਫਿਰਕੂ ਸਦਭਾਵਨਾ ਦੀਆਂ ਜੜਾਂ ਤੇ ਸੱਟ ਵਜੇਗੀ। ਇਸ ਲਈ ਸਥਿਤੀ ਤੁਹਾਡੀ ਤਰਫੋਂ ਖੁਲ ਦਿਲੀ ਵਾਲੀ ਲੀਡਰਸ਼ਿਪ ਦੀ ਮੰਗ ਕਰਦੀ ਹੈ। ਤਾਂ ਜੋ ਇਕ ਪਾਸੇ ਪੰਜਾਬੀਆਂ ਦੀ ਰਾਖੀ ਕੀਤੀ ਜਾਵੇ ਅਤੇ ਦੂਸਰੇ ਪਾਸੇ ਹੱਕੀ ਮੰਗਾਂ ਪ੍ਰਾਪਤ ਕੀਤੀਆਂ ਜਾ ਸਕਣ। ਜੂਨ 83 ਵਿਚ ਵਿਰੋਧੀ ਪਾਰਟੀਆਂ ਨੇ ਆਪਣੀ ਮੀਟਿੰਗ ਵਿਚ ਇਸ ਲਈ ਤੁਹਾਡੇ ਵਾਸਤੇ ਪਲੇਟਫਾਰਮ ਮੁਹੱਈਆ ਕੀਤਾ ਹੈ।

ਮੈਨੂੰ ਪਤਾ ਹੈ ਕਿ ਤੁਸੀਂ ਹਿੰਦੂ ਸਿੱਖ ਏਕਤਾ ਦੇ ਮੁਦਈ ਹੋ ਪਰ ਤੁਹਾਡੀ ਵਰਤਮਾਨ ਨੀਤੀ ਇਸ ਨਾਲ ਮੇਲ ਨਹੀਂ ਖਾਂਦੀ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਸੰਵਿਧਾਨ ਦੀ ਧਾਰਾ 25 ਵਿਰੁਧ ਅੰਦੋਲਨ ਛੱਡ ਦੇਵੋ। ਸਿਖ ਅਤਿਵਾਦੀਆਂ ਦੀਆਂ ਸਰਗਰਮੀਆਂ ਦੀ ਕੌਮੀ ਵਿਰੋਧੀ ਸਰਗਰਮੀਆਂ ਵਜੋਂ ਨਿਖੇਧੀ ਕਰੋ ਅਤੇ ਇਹ ਐਲਾਨ ਕਰੋ ਕਿ ਗੁਰਦੁਆਰਿਆਂ ਨੂੰ ਮੁਜਰਮਾਂ ਦੇ ਅੱਡੇ ਬਨਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਇਸ ਨਾਲ ਸਿਰਫ ਪੰਜਾਬੀ ਲੋਕਾਂ ਦੀ ਏਕਤਾ ਦੀ ਸੁਰਖਿਆ ਕਰਨ ਵਿਚ ਹੀ ਮਦਦ ਨਹੀਂ ਮਿਲੇਗੀ ਸਗੋਂ ਹਿੰਦੂ ਫਿਰਕਾ ਪ੍ਰਸਤ ਤਾਕਤਾਂ ਵਿਰੁਧ ਸੰਘਰਸ਼ ਕਰਨ ਵਿਚ ਵੀ ਸਹਾਇਤਾ ਮਿਲੇਗੀ। ਇਨਾਂ ਖੁਲ ਦਿਲੀ ਵਾਲੇ ਕਦਮਾਂ ਰਾਹੀਂ ਤੁਸੀਂ ਕੇਂਦਰ ਸਰਕਾਰ ਨੂੰ ਹਕੀ ਮੰਗ ਮੰਨਣ ਲਈ ਮਜ਼ਬੂਰ ਕਰਨ ਦੇ ਯੋਗ ਹੋਵੋਗੇ। ਇਸ ਨਾਲ ਤੁਹਾਡਾ ਅਤੇ ਅਕਾਲੀ ਦਲ ਦਾ ਮਾਣ ਸਤਿਕਾਰ ਵਧੇਗਾ।

ਸ਼ੁਭ ਇਛਾਵਾਂ ਨਾਲ

—ਹਰਕਿਸ਼ਨ ਸਿੰਘ ਸੁਰਜੀਤ

ਗ਼ਜ਼ਲ

—ਧਰਮ ਪਾਲ ਉਪਾਸ਼ਕ—

ਕਿਧਰੇ ਨਾ ਦਿਲਦਾਰ ਹੁੰਗਾਰਾ ਕੌਣ ਭਰੇ,
ਗੁੰਗਿਆਂ ਦਾ ਦਰਬਾਰ ਹੁੰਗਾਰਾ ਕੌਣ ਭਰੇ.

ਆਪੋ ਆਪਣੀ ਠੰਡ 'ਚ ਠਰਦੇ ਜਾਂਦੇ ਹਾਂ,
ਮੌਸਮ ਠੰਡਾ ਠਾਰ ਹੁੰਗਾਰਾ ਕੌਣ ਭਰੇ.

ਸਭੇ ਸਵਾਰਥ ਦੀ ਮਾਲਾ ਦੇ ਮਣਕੇ ਹਾਂ,
ਗਿਰ ਚੁਕਿਆ ਕਿਰਦਾਰ ਹੁੰਗਾਰਾ ਕੌਣ ਭਰੇ.

ਕਖਾਂ ਵਾਂਗੂੰ ਪੈਰਾਂ ਵਿਚ ਰਲਾਉਂਦੀ ਹੈ,
ਪੈਸੇ ਦੀ ਛਣਕਾਰ ਹੁੰਗਾਰਾ ਕੌਣ ਭਰੇ.

ਚਾਰੇ ਪਾਸੇ ਭੈ ਦਾ ਮੌਸਮ ਛਾਇਆ ਹੈ,
ਸਿਰ ਉਤੇ ਤਲਵਾਰ ਹੁੰਗਾਰਾ ਕੌਣ ਭਰੇ.

Sona Entertainers Proudly
Presents

MELODIOUS LIVE ENTERTAINMENT

SHASHI KAPOOR
NUTAN and MANNA DEY


ਸ਼ਸ਼ੀ ਕਪੂਰ, ਨੂਤਨ ਅਤੇ ਮੰਨਾ ਡੇ ਵੈਨਕੂਵਰ ਆ ਰਹੇ ਹਨ

*RAJINDER NATH *HINA KAUSER *MAC MOHAN *KAVITA KRISHNAMURTI *MANOHAR RAO


PROFESSIONAL MUSICIANS FROM INDIA:
SAMUEL REUBEN [HEAD OF ORCHESTRA], PERCY PETRO, RICHARD MITHRA, MOSES JOSEPH, NAGWEKAR SAMBHAJI, SHYAM PARSATWAR & PARELE RAO



NUTAN
Film Star As A Singer



SHASHI KAPOOR
''The Super Star'' Will Perform On Stage
Shashi Kapoor Started His Career As A Stage Artist In Prithvi Theater



PADMASHREE MANNA DEY *Famous Playback Singer*




KAVITA KRISHNAMURTI
Singer



MANOHAR RAO
Singer



HINA KAUSER
Film Actress & Captivating Dancer Of ''Dharam Kanta'' Fame



MAC MOHAN
Film Actor



RAJINDER NATH
Comedian

ORPHEUM THEATRE
865 SEYMOUR ST. VANCOUVER
ON SUNDAY APRIL 22nd, 1984 at 7:30 p.m.

TICKET PRICES: $15 $20 $25

AVAILABLE AT:

HEAD OFFICE
ROXY VIDEO
5170 Victoria Dr., Vancouver
Tel: 321-8661

SAMRA BROS.
9407 Scott Rd., Delta
Tel: 581-2919

MAIN FOOD CENTRE
6681 Main St., Vancouver
Tel: 324-4185

VIDEO MART
3369 A Kingsway, Vancouver
Tel: 438-3355

GLOBE SPICES & FOODS
6695 Fraser St., Vancouver
Tel: 321-2472

KARIM'S CASH & CARRY
2957 Commercial Dr., Vancouver
Tel: 872-1161

INDIA SUPERMARKET
6438 Main St., Vancouver
Tel: 321-8176

RAGA RESTAURANT
1177 W. Broadway, Vancouver
Tel: 733-1127

J.B. FOODS
6607 Main St., Vancouver
Tel: 321-0224

PARAMOUNT VIDEO SHOP LTD.
9538 Scott Road, Surrey
Tel: 584-5668

BOMBAY PALACE RESTAURANT
1050 W. Pender St., Vancouver
Tel: 683-6551

PARMAR PHOTO FINISHING
1020 Commercial Dr., Vancouver
Tel: 255-3242

AMBICA FOODS
5125 Victoria Dr., Vancouver
Tel: 327-0295

MANN MUSIC & VIDEOS
6512 Main St., Vancouver
Tel: 321-6667

RICHMOND FOOD CENTRE
11600 Cambie Rd., Richmond
Tel: 278-1021

TOOR FABRICS
6642 Main St., Vancouver
Tel: 321-5511

SHAKTI Video
909-12st, New West
Tel: 522-9121

TASLEEM VIDEO
545 E Broadway, Vancouver
Tel: 873-2132

S.J. FOODS
148B, W. 3rd St. N. Van.
Tel: 986-3212